Samaj Weekly

# ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 144 | 15/10/2025 | www.samajweekly.com | samajweekly | @samajweekly | samajweekly

# ਜੈਸਲਮੇਰ ਤੋਂ ਜੋਧਪੁਰ ਜਾ ਰਹੀ ਏਸੀ ਬੱਸ ’ਚ ਅੱਗ; 20 ਹਲਾਕ; 16 ਜ਼ਖ਼ਮੀ

## ਬੱਸ ’ਚ ਸਵਾਰ ਸਨ 57 ਯਾਤਰੀ; ਅੱਗ ਲੱਗਦੇ ਹੀ ਦਰਵਾਜ਼ੇ ਲੌਕ ਹੋਏ

**ਜੈਸਲਮੇਰ।** ਜੈਸਲਮੇਰ ਤੋਂ ਜੋਧਪੁਰ ਜਾ ਰਹੀ ਇੱਕ ਨਿੱਜੀ ਬੱਸ ਨੂੰ ਥਾਈਆਤ ਪਿੰਡ ਦੇ ਨੇੜੇ ਅੱਗ ਲੱਗ ਗਈ। ਜੈਸਲਮੇਰ ਦੇ ਐਡੀਸ਼ਨਲ ਐਸ ਪੀ ਕੈਲਾਸ਼ ਧਨ ਅਨੁਸਾਰ ਇਸ ਘਟਨਾ ਵਿੱਚ ਕਈ ਲੋਕਾਂ ਦੇ ਮਾਰੇ ਜਾਣ ਦੀ ਸੂਚਨਾ ਹੈ। ਇਸ ਦੌਰਾਨ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ ਹੈ ਤੇ ਬਚਾਅ ਕਾਰਜ ਜਾਰੀ ਹਨ। ਜਾਣਕਾਰੀ ਅਨੁਸਾਰ ਇਸ ਬੱਸ ਨੂੰ ਬਾਅਦ ਦੁਪਹਿਰ ਅੱਗ ਲੱਗ ਗਈ ਤੇ ਅੱਧੀ ਬੱਸ ਅੱਗ ਲੱਗਣ ਕਾਰਨ ਖਾਕ ਹੋ ਗਈ। ਇਸ ਬੱਸ ਵਿਚ 57 ਯਾਤਰੀ ਸਵਾਰ ਸਨ। ਇਕ ਮੀਡੀਆ ਚੈਨਲ ’ਤੇ ਵਿਧਾਇਕ ਪ੍ਰਤਾਪਪੁਰੀ ਨੇ ਇਸ ਹਾਦਸੇ ਵਿਚ ਵੀਹ ਜਣਿਆਂ ਦੀ ਮੌਤ ਦੀ ਪੁਸ਼ਟੀ ਕੀਤੀ ਹੈ ਤੇ 16 ਜ਼ਖ਼ਮੀ ਹੋ ਗਏ ਹਨ। ਇਹ ਪਤਾ ਲੱਗਿਆ ਹੈ ਕਿ ਅੱਗ ਲੱਗਣ ਤੋਂ ਬਾਅਦ ਬੱਸ ਦੇ ਦਰਵਾਜ਼ੇ ਲੌਕ ਹੋ ਗਏ। ਜਾਣਕਾਰੀ ਅਨੁਸਾਰ ਇਹ ਨਿਜੀ ਬੱਸ ਆਪਣੇ ਰੋਜ਼ਾਨਾ ਦੇ ਸਮੇਂ ਅਨੁਸਾਰ ਦੁਪਹਿਰ 3 ਵਜੇ ਦੇ ਕਰੀਬ ਜੈਸਲਮੇਰ ਤੋਂ ਜੋਧਪੁਰ ਲਈ ਰਵਾਨਾ ਹੋਈ ਸੀ। ਜਦੋਂ ਉਹ ਥਾਈਅਤ ਪਿੰਡ ਦੇ ਨੇੜੇ ਪੁੱਜੀ ਤਾਂ ਅਚਾਨਕ ਬੱਸ ਦੇ ਪਿਛਲੇ ਹਿੱਸੇ ਤੋਂ ਧੂੰਆਂ ਉੱਠਣ



ਲੱਗਾ। ਕੁਝ ਹੀ ਪਲਾਂ ਵਿੱਚ ਅੱਗ ਨੇ ਪੂਰੀ ਗੱਡੀ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਮੌਕੇ ਨੇੜਲੇ ਪਿੰਡਾਂ ਦੇ ਵਾਸੀਆਂ ਅਤੇ ਰਾਹਗੀਰਾਂ ਨੇ ਬਚਾਅ ਕਾਰਜ ਸ਼ੁਰੂ ਕੀਤੇ। ਸਥਾਨਕ ਲੋਕਾਂ ਨੇ ਫਾਇਰ ਵਿਭਾਗ ਅਤੇ ਪੁਲੀਸ ਨੂੰ ਸੂਚਿਤ ਕੀਤਾ। ਜ਼ਖਮੀਆਂ ਨੂੰ ਜੈਸਲਮੇਰ ਦੇ ਜਵਾਹਰ ਹਸਪਤਾਲ ਲਿਜਾਇਆ ਜਾ ਰਿਹਾ ਹੈ। ਅੱਗ ਲੱਗਣ ਦਾ ਕਾਰਨ ਫਿਲਹਾਲ ਪਤਾ ਨਹੀਂ ਲੱਗਿਆ। ਇਸ ਮੌਕੇ ਪੁਲੀਸ ਨੇ ਫਾਇਰ ਵਿਭਾਗ ਨੇ ਜ਼ਖਮੀਆਂ ਨੂੰ ਹਸਪਤਾਲ ਵਿਚ ਪਹੁੰਚਾਇਆ। ਏਐੱਨਆਈ

# ਤਿਉਹਾਰਾਂ ਦੀ ਖ਼ਰੀਦਦਾਰੀ ਨਾਲ ਸੋਨੇ ਅਤੇ ਚਾਂਦੀ ਦੀ ਕੀਮਤ ਨੇ ਬਣਾਏ ਨਵੇਂ ਰੀਕਾਰਡ

## 1 ਲੱਖ 30 ਹਜ਼ਾਰ ਰੁਪਏ ਪ੍ਰਤੀ 10 ਗ੍ਰਾਮ ਨੂੰ ਹੋਇਆ ਸੋਨਾ

**ਨਵੀਂ ਦਿੱਲੀ:** ਧਨਤੇਰਸ ਤੋਂ ਪਹਿਲਾਂ ਪ੍ਰਚੂਨ ਵਿਕਰੇਤਾਵਾਂ ਅਤੇ ਸੁਨਿਆਰਿਆਂ ਵਲੋਂ ਤਿਉਹਾਰਾਂ ਦੀ ਭਾਰੀ ਖਰੀਦਦਾਰੀ ਕਾਰਨ ਮੰਗਲਵਾਰ ਨੂੰ ਕੌਮੀ ਰਾਜਧਾਨੀ ’ਚ ਸੋਨੇ ਦੀਆਂ ਕੀਮਤਾਂ ’ਚ 2,850 ਰੁਪਏ ਦਾ ਵਾਧਾ ਹੋਇਆ ਹੈ ਅਤੇ ਇਹ 1.3 ਲੱਖ ਰੁਪਏ ਪ੍ਰਤੀ 10 ਗ੍ਰਾਮ ਦੇ ਅੰਕੜੇ ਨੂੰ ਪਾਰ ਕਰ ਗਈ ਹੈ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਮੁਤਾਬਕ 99.9 ਫੀ ਸਦੀ ਸ਼ੁੱਧਤਾ ਵਾਲਾ ਸੋਨਾ 2,850 ਰੁਪਏ ਵਧ ਕੇ 1,30,800 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਰੀਕਾਰਡ ਪੱਧਰ ਉਤੇ ਪਹੁੰਚ ਗਿਆ। 99.5 ਫੀ ਸਦੀ ਸ਼ੁੱਧਤਾ ਵਾਲਾ ਸੋਨਾ ਵੀ 2,850 ਰੁਪਏ ਵਧ ਕੇ 1,30,200 ਰੁਪਏ ਪ੍ਰਤੀ 10 ਗ੍ਰਾਮ (ਸਾਰੇ ਟੈਕਸਾਂ ਸਮੇਤ) ਦੇ ਨਵੇਂ ਰੀਕਾਰਡ ਉਤੇ ਪਹੁੰਚ




ਗਿਆ। ਚਾਂਦੀ ਦੀ ਕੀਮਤ ਵੀ 6,000 ਰੁਪਏ ਵਧ ਕੇ 1,85,000 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਉੱਚੇ ਪੱਧਰ ਉਤੇ ਪਹੁੰਚ ਗਈ। ਕਾਰੋਬਾਰੀਆਂ ਨੇ ਸਰਾਫਾ ਦੀਆਂ ਕੀਮਤਾਂ ’ਚ ਤੇਜ਼ੀ ਨਾਲ ਵਾਧੇ ਦਾ ਕਾਰਨ ਤਿਉਹਾਰਾਂ ਅਤੇ ਵਿਆਹਾਂ ਦੇ ਸੀਜ਼ਨ ਦੌਰਾਨ ਸੁਨਿਆਰਿਆਂ ਅਤੇ ਪ੍ਰਚੂਨ ਵਿਕਰੇਤਾਵਾਂ ਦੀ ਲਗਾਤਾਰ ਮੰਗ ਨੂੰ ਦਸਿਆ ਹੈ। ਇਸ ਦੇ ਨਾਲ ਹੀ ਰੁਪਿਆ 12 ਪੈਸੇ ਡਿੱਗ ਕੇ ਅਮਰੀਕੀ ਡਾਲਰ ਦੇ ਮੁਕਾ-ਬਲੇ 88.80 ਦੇ ਸੱਭ ਤੋਂ ਹੇਠਲੇ ਪੱਧਰ ਉਤੇ ਪਹੁੰਚ ਗਿਆ।

# ਹਰਿਆਣਾ: ਏ ਐੱਸ ਆਈ ਸੰਦੀਪ ਦੇ ਪਰਿਵਾਰ ਵੱਲੋਂ ਪ੍ਰਸ਼ਾਸਨ ਨੂੰ ਮ੍ਰਿਤਕ ਦੇਹ ਸੌਂਪਣ ਤੋਂ ਇਨਕਾਰ



**ਰੋਹਤਕ।** ਹਰਿਆਣਾ ਦੇ ਏਐੈਸਆਈ ਸੰਦੀਪ ਨੇ ਅੱਜ ਗੋਲੀ ਮਾਰ ਕੇ ਕਥਿਤ ਖੁਦਕੁਸ਼ੀ ਕਰ ਲਈ। ਉਸ ਦੀ ਭੇਤਭਰੀ ਹਾਲਤ ਵਿਚ ਮੌਤ ਹੋਣ ਤੋਂ ਬਾਅਦ ਸੰਦੀਪ ਦੇ ਪਰਿਵਾਰ ਨੇ ਉਸ ਦੀ ਲਾਸ਼ ਪ੍ਰਸ਼ਾਸਨ ਨੂੰ ਸੌਂਪਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਰੋਹਤਕ ਦੇ ਏਐੈਸਪੀ ਪ੍ਰਤੀਕ ਅਗਰਵਾਲ ਅਤੇ ਐਸਡੀਐਮ ਆਸ਼ੀਸ਼ ਕੁਮਾਰ ਨੇ ਪਰਿਵਾਰ ਨਾਲ ਮੁਲਾਕਾਤ ਕੀਤੀ।

ਏਐੈਸਆਈ ਸੰਦੀਪ ਦੀ ਲਾਸ਼ ਅੱਜ ਰੋਹਤਕ ਦੇ ਲਾਧੋਤ ਪਿੰਡ ਵਿਚਲੇ ਖੇਤ ਦੇ ਨੇੜੇ ਸ਼ੱਕੀ ਹਾਲਾਤ ਵਿੱਚ ਮਿਲੀ। ਰੋਹਤਕ ਦੇ ਪੁਲੀਸ ਸੁਪਰਡੈਂਟ ਸੁਰੇਂਦਰ ਸਿੰਘ ਭੋਰੀਆ ਅਨੁਸਾਰ ਸੰਦੀਪ ਹਰਿਆਣਾ ਪੁਲੀਸ ਵਿੱਚ ਸਹਾਇਕ ਸਬ-ਇੰਸਪੈਕਟਰ ਵਜੋਂ ਕੰਮ ਕਰਦਾ ਸੀ। ਉਨ੍ਹਾਂ ਕਿਹਾ ਕਿ ਫੋਰੈਂਸਿਕ ਟੀਮ ਘਟਨਾ ਵਾਲੀ ਥਾਂ ਦੀ ਜਾਂਚ ਕਰ ਰਹੀ ਹੈ। ਉਨ੍ਹਾਂ ਕਿਹਾ, ‘ਸੰਦੀਪ ਸਾਡੇ ਪੁਲੀਸ ਵਿਭਾਗ ਦਾ ਇੱਕ ਮਿਹਨਤੀ ਏਐੈਸਆਈ ਸੀ। ਉਹ ਸਾਈਬਰ ਸੈੱਲ ਵਿੱਚ ਤਾਇਨਾਤ ਸੀ।’ ਇਹ ਘਟਨਾ ਹਰਿਆਣਾ ਦੇ ਆਈਪੀਐਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਮੌਤ ਦੇ ਮਾਮਲੇ ਦੇ ਵਿਚਕਾਰ ਸਾਹਮਣੇ ਆਈ, ਜਿਸਦੀ 7 ਅਕਤੂਬਰ ਨੂੰ ਚੰਡੀਗੜ੍ਹ ਸਥਿਤ ਆਪਣੇ ਘਰ ਵਿੱਚ ਸ਼ੱਕੀ ਹਾਲਾਤਾਂ ਵਿੱਚ ਮੌਤ ਹੋ ਗਈ ਸੀ।

# ਦੀਵਾਲੀ ਤੋਂ ਪਹਿਲਾਂ ਪ੍ਰਦੂਸ਼ਣ ਵਧਣ ਦੀ ਪੇਸ਼ੀਨਗੋਈ

**ਨਵੀਂ ਦਿੱਲੀ।** ਸਰਦੀਆਂ ਨੇੜੇ ਆਉਂਦਿਆਂ ਹੀ ਦਿੱਲੀ ਦੀ ਹਵਾ ਗੁਣਵੱਤਾ ਵਿਗੜਨ ਦੀ ਉਮੀਦ ਹੈ। ਹਾਲਾਂਕਿ ਐਤਵਾਰ ਸਵੇਰੇ ਏ ਕਿਊ ਆਈ 169 ਦਰਮਿਆਨੀ ਸ਼੍ਰੇਣੀ ਵਿੱਚ ਸੀ, ਜੋ ਕਿ ਸ਼ਨਿਚਰਵਾਰ ਸਵੇਰੇ 5 ਵਜੇ ਮਾਪੇ ਗਏ 193 ਏ ਕਿਊ ਆਈ ਤੋਂ ਘੱਟ ਸੀ। ਬੀਤੇ ਦਿਨ ਦਿੱਲੀ ਦੇ ਚਾਂਦਨੀ ਚੌਕ ਇਲਾਕੇ ਵਿੱਚ ਪ੍ਰਦੂਸ਼ਣ 300 ਨੂੰ ਪਾਰ ਕਰ ਗਿਆ ਸੀ, ਔਸਤ 193 ਰਹੀ ਸੀ। ਦੀਵਾਲੀ ਤੋਂ ਪਹਿਲਾਂ ਦਿੱਲੀ ਦੀ ਹਵਾ ਦੀ ਗੁਣਵੱਤਾ ਵਿਗੜਦੀ ਜਾ ਰਹੀ ਹੈ। ਅਕਤੂਬਰ ਦੇ ਸ਼ੁਰੂ ਵਿੱਚ ਏ ਕਿਊ ਆਈ ਵਧਣ ਦਾ ਕਾਰਨ ਤਾਪਮਾਨ ਵਿੱਚ ਗਿਰਾਵਟ, ਧੁੰਦ ਅਤੇ ਰੁਕੀਆਂ ਹਵਾਵਾਂ ਹਨ, ਜਿਸ ਕਾਰਨ ਆਸਮਾਨ ਵਿੱਚ ਧੂੰਆਂ ਚੜ੍ਹਿਆ ਹੋਇਆ ਹੈ। ਦਿੱਲੀ ਨਿਵਾਸੀਆਂ ਲਈ ਸਿਹਤ ਸਬੰਧੀ ਚਿੰਤਾਵਾਂ ਵਧ ਰਹੀਆਂ ਹਨ ਕਿਉਂਕਿ ਹਫ਼ਤੇ



ਦੇ ਅੰਤ ਤੱਕ ਹਵਾ ਵਿੱਚ ਪ੍ਰਦੂਸ਼ਣ ਜਾਰੀ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਹੈ। ਦਿੱਲੀ ਅੰਦਰ ਵਧਦੇ ਪ੍ਰਦੂਸ਼ਣ ਨੂੰ ਆਵਾਜਾਈ ਅਤੇ ਪਰਾਲੀ ਸਾੜੇ ਜਾਣ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਇਸੇ ਕਾਰਨ ਪ੍ਰਸ਼ਾਸਨਿਕ ਅਧਿਕਾਰੀ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕਰ ਰਹੇ ਹਨ।

**ਪਾਬੰਦੀਸ਼ੁਦਾ ਪਟਾਕਿਆਂ ਦੀ ਵਿਕਰੀ ਜਾਰੀ**

ਫਰੀਦਾਬਾਦ : ਸਥਾਨਕ ਪੁਲੀਸ ਵੱਲੋਂ ਸਖਤੀ ਕੀਤੇ ਜਾਣ ਬਾਵਜੂਦ ਵੱਖ-ਵੱਖ ਇਲਾਕਿਆਂ ਵਿੱਚ ਪਾਬੰਦੀ ਲਾਏ ਗਏ ਪਟਾਕਿਆਂ ਦੀ ਵਿਕਰੀ ਜਾਰੀ ਹੈ। ਸ਼ਹਿਰਾਂ ਦੀਆਂ ਕਲੋਨੀਆਂ ਵਾਲੇ ਖੇਤਰਾਂ ਵਿੱਚ ਛੋਟੇ-ਛੋਟੇ ਦੁਕਾਨਦਾਰ ਇਹ ਪਟਾਕੇ ਮਹਿੰਗੇ ਭਾਅ ’ਤੇ ਵੇਚ ਰਹੇ ਹਨ। ਪ੍ਰਸ਼ਾਸਨ ਵੱਲੋਂ ਚਿਤਾਵਨੀ ਵੀ ਦਿੱਤੀ ਹੈ ਕਿ ਜੇਕਰ ਕੋਈ ਵੀ ਬਾਰੂਦ ਮਸਾਲੇ ਵਾਲੇ ਪਟਾਕੇ ਵੇਚੇਗਾ, ਉਨ੍ਹਾਂ ਨੂੰ ਸਟੋਰ ਕਰੇਗਾ ਜਾਂਚ ਲਾਏਗਾ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ।

# ਪੰਛੀ ਨਾਲ ਟਕਰਾਉਣ ਤੋਂ ਬਾਅਦ ਇੰਡੀਗੋ ਦੀ ਉਡਾਣ ਦੀ ਅਗਰਤਲਾ ’ਚ ਐਮਰਜੈਂਸੀ ਲੈਂਡਿੰਗ

**ਅਗਰਤਲਾ।** ਪੰਛੀ ਨਾਲ ਟਕਰਾਉਣ ਤੋਂ ਬਾਅਦ ਕੋਲਕਾਤਾ ਜਾਣ ਵਾਲੀ ਇੰਡੀਗੋ ਦੀ ਇੱਕ ਉਡਾਣ ਦੀ ਅੱਜ ਅਗਰਤਲਾ ਹਵਾਈ ਅੱਡੇ ’ਤੇ ਐਮਰਜੈਂਸੀ ਲੈਂਡਿੰਗ ਕੀਤੀ ਗਈ। ਹਵਾਈ ਅੱਡੇ ਦੇ ਡਾਇਰੈਕਟਰ ਕੇ. ਸੀ. ਮੀਨਾ ਨੇ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਹਨ ਅਤੇ ਉਨ੍ਹਾਂ ਨੂੰ ਹੋਰ ਉਡਾਣਾਂ ਵਿੱਚ ਭੇਜਿਆ ਗਿਆ ਹੈ। ਮੀਨਾ ਨੇ ਕਿਹਾ ਕਿ ਇਸ ਹਾਦਸੇ ਕਾਰਨ ਜਹਾਜ਼ ਨੂੰ ਕੋਈ ਜ਼ਿਆਦਾ ਨੁਕਸਾਨ ਨਹੀਂ ਹੋਇਆ। ਜਾਣਕਾਰੀ ਅਨੁਸਾਰ ਇੰਡੀਗੋ ਦੀ ਉਡਾਣ ਨੇ ਦੁਪਹਿਰ 12.40 ਵਜੇ ਦੇ ਕਰੀਬ ਐਮ.ਬੀ.ਬੀ.ਏ. ਹਵਾਈ ਅੱਡੇ ਤੋਂ ਕੋਲਕਾਤਾ ਲਈ ਉਡਾਣ ਭਰੀ ਅਤੇ



20 ਮਿੰਟ ਬਾਅਦ ਪਾਇਲਟ ਨੂੰ ਇਸ ਦੇ ਪੰਛੀ ਨਾਲ ਟਕਰਾਉਣ ਦਾ ਸ਼ੱਕ ਹੋਇਆ ਜਿਸ ਤੋਂ ਬਾਅਦ ਐਮਰਜੈਂਸੀ ਲੈਂਡਿੰਗ ਕੀਤੀ ਗਈ। ਇਸ ਤੋਂ ਬਾਅਦ ਇੰਜਨੀਅਰਾਂ ਦੀ ਇੱਕ ਟੀਮ ਨੇ ਜਹਾਜ਼ ਦੀ ਜਾਂਚ ਕੀਤੀ।

# ਆਪ੍ਰੇਸ਼ਨ ਸੰਧੂਰ 2.0 ਹੋਰ ਜ਼ਿਆਦਾ ਘਾਤਕ ਹੋਵੇਗਾ : ਲੈਫਟੀਨੈਂਟ ਜਨਰਲ ਕਟਿਆਰ

**ਜੰਮੂ ।** ਪਛਮੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੇ ਮੰਗਲਵਾਰ ਨੂੰ ਕਿਹਾ ਕਿ ਪਾਕਿਸਤਾਨ ਕੋਲ ਭਾਰਤ ਨਾਲ ਲੜਨ ਦੀ ਸਮਰੱਥਾ ਨਹੀਂ ਹੈ ਪਰ ਉਹ ਪਹਿਲਗਾਮ ਵਰਗੇ ਹਮਲੇ ਦੀ ਕੋਸ਼ਿਸ਼ ਮੁੜ ਕਰ ਸਕਦਾ ਹੈ। ਲੈਫਟੀਨੈਂਟ ਜਨਰਲ ਕਟਿਆਰ ਨੇ ਪੱਤਰਕਾਰਾਂ ਨੂੰ ਕਿਹਾ, ‘‘ਪਾਕਿ-ਸਤਾਨ ਨੇ ਹਜ਼ਾਰਾਂ ਕੱਟਾਂ ਰਾਹੀਂ ਭਾਰਤ ਦਾ ਖ਼ੂਨ ਵਹਾਉਣ ਦੀ ਅਪਣੀ ਨੀਤੀ ਜਾਰੀ ਰੱਖੀ ਹੈ। ਪਰ ਭਾਰਤੀ ਫੌਜ ਇਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਵਾਰ ਅਸੀਂ ਜੋ ਕਾਰਵਾਈ ਕਰਾਂਗੇ ਉਹ ਪਹਿਲਾਂ ਨਾਲੋਂ ਵੱਧ ਘਾਤਕ ਹੋਵੇਗੀ। ਇਹ ਵਧੇਰੇ ਤਾਕਤਵਰ ਹੋਵੇਗਾ। ਆਪਰੇਸ਼ਨ ਸੰਧੂਰ 2.0 ਘਾਤਕ ਹੋਣਾ ਚਾਹੀਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ।’’ ਉਹ ਇਕ ਸਵਾਲ ਦਾ ਜਵਾਬ ਦੇ ਰਹੇ ਸਨ ਕਿ ਕੀ ਆਪ੍ਰੇਸ਼ਨ ਸੰਧੂਰ 2.0 ਪਹਿਲੇ ਨਾਲੋਂ ਘਾਤਕ ਹੋਵੇਗਾ। ਇਹ ਪੁੱਛੇ ਜਾਣ ਉਤੇ ਕਿ ਕੀ ਪਾਕਿਸਤਾਨ ਵਲੋਂ ਭਵਿੱਖ ’ਚ ਪਹਿਲਗਾਮ ਵਰਗੇ ਹਮਲੇ ਹੋਣਗੇ, ਉਨ੍ਹਾਂ ਕਿਹਾ ਕਿ ਜਦੋਂ ਤਕ ਪਾਕਿਸਤਾਨ ਦੀ ਸੋਚ ’ਚ ਤਬਦੀਲੀ ਨਹੀਂ ਆਉਂਦੀ, ਉਹ ਇਸ ਤਰ੍ਹਾਂ ਦੀਆਂ ਸ਼ਰਾਰਤਾਂ ਕਰਦਾ



ਰਹੇਗਾ। ਪਛਮੀ ਫੌਜ ਦੇ ਕਮਾਂਡਰ ਨੇ ਕਿਹਾ ਕਿ ਭਾਰਤ ਨੇ ਆਪ੍ਰੇਸ਼ਨ ਸੰਧੂਰ ਵਿਚ ਪਾਕਿਸਤਾਨ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਕਿਹਾ, ‘‘ਅਸੀਂ ਉਸ ਦੀਆਂ ਚੌਕੀਆਂ ਅਤੇ ਹਵਾਈ ਅੱਡੇ ਤਬਾਹ ਕਰ ਦਿਤੇ ਹਨ ਪਰ ਇਹ ਇਕ ਵਾਰ ਫਿਰ ਪਹਿਲਗਾਮ ਵਰਗੇ ਹਮਲੇ ਦੀ ਕੋਸ਼ਿਸ਼ ਕਰ ਸਕਦਾ ਹੈ। ਸਾਨੂੰ ਤਿਆਰ ਰਹਿਣਾ ਹੋਵੇਗਾ। ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਮੈਨੂੰ ਪੂਰਾ ਵਿਸ਼ਵਾਸ ਹੈ ਕਿ ਇਸ ਵਾਰ ਦੀ ਕਾਰਵਾਈ ਪਹਿਲਾਂ ਨਾਲੋਂ ਘਾਤਕ ਹੋਵੇਗੀ।’’ ਇਸ ਤੋਂ ਪਹਿਲਾਂ ਸਾਬਕਾ ਫ਼ੌਜੀਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, ‘‘ਪਾਕਿ-ਸਤਾਨ ’ਚ ਸਾਡਾ ਸਿੱਧਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਹੈ। ਪਾਕਿ-ਸਤਾਨ ਅਪਣੇ ਮਨਸੂਬਿਆਂ ਤੋਂ ਪਿੱਛੇ ਨਹੀਂ ਹਟੇਗਾ। ਪਰ ਭਾਰਤੀ ਫੌਜ ਇਸ ਨੂੰ ਨਾਕਾਮ ਕਰਨ ਲਈ ਤਿਆਰ ਹੈ। ਇਸ ਲਈ ਸਾਨੂੰ ਲੋਕਾਂ, ਖਾਸ ਤੌਰ ਉਤੇ ਬਜ਼ੁਰਗਾਂ ਦੇ ਸਮਰਥਨ ਦੀ ਜ਼ਰੂਰਤ ਹੈ। ਸਾਨੂੰ ਉਮੀਦ ਹੈ ਕਿ ਵੈਟਰਨਜ਼ ਸਾਡਾ ਸਮਰਥਨ ਕਰਨਗੇ।’’


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਬੰਗਲਾਦੇਸ਼: ਢਾਕਾ ’ਚ ਗੁਦਾਮ ’ਚ ਅੱਗ ਲੱਗਣ ਕਾਰਨ 16 ਮੌਤਾਂ

**ਢਾਕਾ।** ਢਾਕਾ ਦੇ ਮੀਰਪੁਰ ਵਿੱਚ ਇੱਕ ਕੱਪੜਾ ਫੈਕਟਰੀ ਅਤੇ ਇਸ ਨਾਲ ਲੱਗਦੇ ਇੱਕ ਰਸਾਇਣਕ ਗੋਦਾਮ ਵਿੱਚ ਅੱਗ ਲੱਗਣ ਕਾਰਨ 16 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖਮੀ ਹੋ ਗਏ। ਇੱਕ ਅਧਿਕਾਰੀ ਨੇ ਦੱਸਿਆ ਕਿ ਬਚਾਅ ਕਾਰਜ ਜਾਰੀ ਹਨ ਤੇ ਮੌਤਾਂ ਦੀ ਗਿਣਤੀ ਵਧਣ ਦੀ ਉਮੀਦ ਹੈ। ਫਾਇਰ ਸਰਵਿਸ ਦੇ ਡਾਇਰੈਕਟਰ ਤਾਜੁਲ ਇਸਲਾਮ ਚੌਧਰੀ ਨੇ ਕਿਹਾ, ‘ਕੱਪੜਾ ਫੈਕਟਰੀ ਦੀ ਦੂਜੀ ਅਤੇ ਤੀਜੀ ਮੰਜ਼ਿਲ ਤੋਂ ਸੋਲਾਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ।’ ਇੱਕ ਹੋਰ ਅਧਿਕਾਰੀ ਤਲ੍ਹਾ ਬਿਨ ਜਾਸ਼ਿਮ ਨੇ ਕਿਹਾ ਕਿ ਰਾਜਧਾਨੀ ਢਾਕਾ ਦੇ ਮੀਰਪੁਰ ਖੇਤਰ ਵਿੱਚ ਸੱਤ ਮੰਜ਼ਿਲਾ ਫੈਕਟਰੀ ਦੀ ਤੀਜੀ ਮੰਜ਼ਿਲ ’ਤੇ ਦੁਪਹਿਰ ਵੇਲੇ ਅੱਗ ਲੱਗੀ। ਇੱਥੇ ਬਲੀਚਿੰਗ ਪਾਊਡਰ, ਪਲਾਸਟਿਕ ਅਤੇ ਹਾਈਡ੍ਰੋਜਨ ਪਰਆਕਸਾਈਡ ਸਟੋਰ ਕੀਤਾ ਹੋਇਆ ਸੀ। ਪੁਲੀਸ ਅਧਿਕਾਰੀ ਨੇ ਕਿਹਾ ਕਿ ਫੈਕਟਰੀ ਮਾਲਕਾਂ ਦਾ ਹਾਲੇ ਅਤਾ ਪਤਾ ਨਾ ਲੱਗਿਆ। ਪੁਲੀਸ ਅਤੇ ਫੌਜ ਉਨ੍ਹਾਂ ਦੀ ਭਾਲ ਕਰ ਰਹੀ ਹੈ। ਹਾਲੇ ਤਕ ਇਹ ਵੀ ਪਤਾ ਨਾ ਲੱਗ ਸਕਿਆ ਕਿ ਫੈਕਟਰੀ



ਮਾਲਕਾਂ ਕੋਲ ਰਸਾਇਣਕ ਗੋਦਾਮ ਦਾ ਲਾਇਸੈਂਸ ਸੀ ਕਿ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਹਾਲੇ ਤਕ ਪਤਾ ਲੱਗਿਆ ਹੈ ਕਿ ਇਹ ਫੈਕਟਰੀ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਇਸ ਦੀ ਪੁਸ਼ਟੀ ਕੀਤੀ ਜਾਵੇਗੀ। ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁਖੀ ਮੁਹੰਮਦ ਯੂਨਸ ਨੇ ਸ਼ੋਕ ਸੰਦੇਸ਼ ਜਾਰੀ ਕਰ ਕੇ ਇਸ ਦੁਖਾਂਤ ’ਤੇ ਡੂੰਘਾ ਦੁੱਖ ਪ੍ਰਗਟ ਕੀਤਾ ਹੈ। ਇਹ ਪਤਾ ਲੱਗਿਆ ਹੈ ਕਿ ਢਾਕਾ ਦੇ ਮੀਰਪੁਰ ਵਿਚ ਇਕ ਕੱਪੜਿਆਂ ਤੇ ਕੈਮੀਕਲ ਵੇਅਰਹਾਊਸ ਵਿਚ ਅੱਜ ਅੱਗ ਲੱਗ ਗਈ। ਫਾਇਰ ਵਿਭਾਗ ਨੇ ਦੱਸਿਆ ਕਿ ਉਹ ਅੰਦਰ ਫਸੇ ਲੋਕਾਂ ਨੂੰ ਬਚਾਉਣ ਲਈ ਪੂਰੀ ਵਾਹ ਲਾ ਰਹੇ ਹਨ ਪਰ ਮੌਤਾਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ।


# ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਵਨੀਤ ਚਤੁਰਵੇਦੀ ਦੇ ਕਾਗਜ਼ ਰੱਦ, ਰਜਿੰਦਰ ਗੁਪਤਾ ਨੂੰ ਹਰੀ ਝੰਡੀ; ਰੋਪੜ ਪੁਲੀਸ

**ਚੰਡੀਗੜ੍ਹ।** ਰਾਜ ਸਭਾ ਵਿਚ ਪੰਜਾਬ ਦੀ ਇਕ ਸੀਟ ਲਈ ਨਾਮਜ਼ਦਗੀ ਭਰਨ ਵਾਲੇ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਹਨ। ਚਤੁਰਵੇਦੀ ਨੇ ਕਿਹਾ ਕਿ ਉਹ ਇਸ ਫੈਸਲੇ ਨੂੰ ਹਾਈ ਕੋਰਟ ਵਿਚ ਚੁਣੌਤੀ ਦੇਣਗੇ। ਇਸ ਤੋਂ ਇਲਾਵਾ ਦੋ ਹੋਰ ਆਜ਼ਾਦ ਉਮੀਦਵਾਰਾਂ ਦੇ ਕਾਗਜ਼ ਵੀ ਰੱਦ ਹੋਏ ਹਨ। ਚਤੁਰਵੇਦੀ ਦੀ ਨਾਮਜ਼ਦਗੀ ਰੱਦ ਹੋਣ ਨਾਲ 24 ਅਕਤੂਬਰ ਨੂੰ ਹੋਣ ਵਾਲੀ ਚੋਣ ਲਈ ਹੁਣ ਮੈਦਾਨ ਵਿਚ 'ਆਪ' ਦੇ ਅਧਿਕਾਰਤ ਉਮੀਦਵਾਰ ਰਾਜਿੰਦਰ ਗੁਪਤਾ ਤੇ ਉਨ੍ਹਾਂ ਦੀ ਪਤਨੀ ਮਧੂ ਹੀ ਰਹਿ ਗਏ ਹਨ। ਮਧੂ ਵੱਲੋਂ ਭਲਕੇ ਨਾਮਜ਼ਦਗੀ ਵਾਪਸ ਲਏ ਜਾਣ ਦੀ ਉਮੀਦ ਹੈ। ਕਿਓਂਕਿ 16 ਅਕਤੂਬਰ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਆਖ਼ਰੀ ਤਰੀਕ ਹੈ । ਰਾਜ ਸਭਾ ਦੀ ਉਪ ਚੋਣ ਲਈ ਪੰਜਾਬ ਰਾਜ ਦੇ ਰਿਟਰਨਿੰਗ ਅਫ਼ਸਰ ਰਾਮ ਲੋਕ ਨੇ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਦੌਰਾਨ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦੇ ਕਾਗਜ਼ ਤਜਵੀਜ਼ ਕਰਨ ਵਾਲੇ ਵਿਧਾਇਕਾਂ ਦੇ ਦਸਤਖ਼ਤ ਗਲਤ ਹੋਣ ਕਾਰਨ ਰੱਦ ਕਰ ਦਿੱਤੇ ਹਨ । ਆਮ ਆਦਮੀ ਪਾਰਟੀ ਦੇ 10 ਵਿਧਾਇਕਾਂ ਨੇ ਰਿਟਰਨਿੰਗ ਅਫ਼ਸਰ ਨੂੰ ਲਿਖਤੀ ਸਟੇਟਮੈਂਟ ਦਿੱਤੀ ਕਿ ਉਨ੍ਹਾਂ ਵੱਲੋਂ ਆਜ਼ਾਦ ਉਮੀਦਵਾਰ ਨਵਨੀਤ ਚਤੁਰਵੇਦੀ ਦਾ ਨਾਮ ਤਜਵੀਜ਼ ਨਹੀਂ ਕੀਤਾ ਹੈ । ਦੂਸਰੀ ਤਰਫ਼ ਵਿਧਾਇਕਾਂ ਨੇ ਰੋਪੜ, ਮੋਗਾ, ਲੁਧਿਆਣਾ ਅਤੇ ਸਰਦੂਲਗੜ੍ਹ ਚ ਨਵਨੀਤ ਚਤੁਰਵੇਦੀ ਖ਼ਿਲਾਫ਼ ਕੇਸ ਦਰਜ ਕਰਵਾਇਆ ਹੈ। ਇਨ੍ਹਾਂ ਵਿਧਾਇਕਾਂ ਨੇ ਪੰਜਾਬ ਦੇ ਡੀਜੀਪੀ



ਨੂੰ ਇਸ ਸਬੰਧੀ ਲਿਖਤੀ ਸ਼ਿਕਾਇਤ ਵੀ ਦਿੱਤੀ ਸੀ। ਕਾਬਿਲੇਗੌਰ ਹੈ ਕਿ ਜੈਪੁਰ ਦਾ ਵਸਨੀਕ ਨਵਨੀਤ ਚਤੁਰਵੇਦੀ, ਜੋ ਖ਼ੁਦ ਨੂੰ ਜਨਤਾ ਪਾਰਟੀ ਦਾ ਪ੍ਰਧਾਨ ਦੱਸਦਾ ਹੈ, ਨੂੰ ਚੰਡੀਗੜ੍ਹ ਪੁਲੀਸ ਵੱਲੋਂ ਸੁਰੱਖਿਆ ਦਿੱਤੀ ਜਾ ਰਹੀ ਹੈ। ਰੋਪੜ ਪੁਲੀਸ ਫ਼ਰਜ਼ੀ ਦਸਤਖ਼ਤ ਮਾਮਲੇ ਵਿਚ ਚਤੁਰਵੇਦੀ ਨੂੰ ਗ੍ਰਿਫਤਾਰ ਕਰਨ ਲਈ ਚੰਡੀਗੜ੍ਹ ਪਹੁੰਚੀ। ਹਾਲਾਂਕਿ ਚੰਡੀਗੜ੍ਹ ਪੁਲੀਸ ਚਤੁਰਵੇਦੀ ਨੂੰ ਲੈ ਕੇ ਐਸਐੱਸਪੀ ਦਫ਼ਤਰ ਪਹੁੰਚ ਗਈ। ਰੋਪੜ ਪੁਲੀਸ ਵੱਲੋਂ ਹੁਣ ਐੱਸਐੱਸਪੀ ਦਫ਼ਤਰ ਦੇ ਬਾਹਰ ਚਤੁਰਵੇਦੀ ਦੀ ਉਡੀਕ ਕੀਤੀ ਜਾ ਰਹੀ ਹੈ।

# ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਹਾਈ ਕੋਰਟ ਤੋਂ ਨਹੀਂ ਮਿਲੀ ਰਾਹਤ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਰਾਹਤ ਨਹੀਂ ਮਿਲੀ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਕੀਤੀ। ਸੁਣਵਾਈ ਦੌਰਾਨ ਵਿਜੀਲੈਂਸ ਬਿਊਰੋ ਨੇ ਦੁਬਾਰਾ ਸਮਾਂ ਮੰਗਿਆ ਹੈ। ਹਾਲਾਂਕਿ, ਅਦਾਲਤ ਨੇ ਦਲੀਲ ਦਿੱਤੀ ਕਿ ਇਸ ਮਾਮਲੇ ਵਿਚ ਪਹਿਲਾਂ ਹੀ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ, ਇਸ ਲਈ ਹੋਰ ਦਲੀਲਾਂ ਬੇਲੋੜੀਆਂ ਹਨ। ਇਸ ਮਾਮਲੇ 'ਤੇ ਹੁਣ ਅਦਾਲਤ ਵੱਲੋਂ 29 ਅਕਤੂਬਰ ਨੂੰ ਸੁਣਵਾਈ ਕੀਤੀ ਜਾਵੇਗੀ। ਸੁਣਵਾਈ ਤੋਂ ਬਾਅਦ ਬਿਕਰਮ ਸਿੰਘ ਮਜੀਠੀਆ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪਿਛਲੀ ਸੁਣਵਾਈ ਦੌਰਾਨ ਅਦਾਲਤ ਨੇ ਸਰਕਾਰ ਨੂੰ ਜਵਾਬ ਦਾਇਰ ਕਰਨ ਦੇ ਨਿਰਦੇਸ਼ ਦਿੱਤੇ ਸਨ। ਉਨ੍ਹਾਂ ਨੂੰ ਦੋ ਹਫ਼ਤਿਆਂ ਦੇ ਅੰਦਰ ਜਵਾਬ ਦਾਇਰ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਨੂੰ ਕੋਈ ਵੀ ਸੰਬੰਧਿਤ ਬੇਨਤੀਆਂ ਦਾਇਰ ਕਰਨ ਲਈ ਇਕ ਹਫ਼ਤਾ ਦਿੱਤਾ ਗਿਆ ਸੀ। ਜਿਵੇਂ ਹੀ ਅੱਜ ਸੁਣਵਾਈ ਸ਼ੁਰੂ ਹੋਈ ਵਿਜੀਲੈਂਸ ਬਿਊਰੋ ਨੇ ਦੁਬਾਰਾ ਸਮਾਂ ਮੰਗਿਆ। ਅਦਾਲਤ ਨੇ ਪੁੱਛਿਆ ਕਿ ਤੁਹਾਨੂੰ ਪਹਿਲਾਂ ਹੀ ਇਕ ਮਹੀਨਾ ਦਿੱਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਇਹ ਵੀ ਦਲੀਲ ਦਿੱਤੀ ਕਿ ਕਿਉਂਕਿ ਇਸ ਮਾਮਲੇ ਵਿਚ ਚਾਰਜਸ਼ੀਟ ਪਹਿਲਾਂ ਹੀ ਦਾਇਰ ਕੀਤੀ ਜਾ ਚੁੱਕੀ ਹੈ, ਇਸ ਲਈ ਜਵਾਬ ਦੀ ਕੋਈ ਲੋੜ ਨਹੀਂ ਹੈ। ਕਲੇਰ ਨੇ ਕਿਹਾ ਕਿ ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਰਕਾਰ ਕੋਲ ਕਹਿਣ ਲਈ ਹੋਰ ਕੁਝ ਨਹੀਂ ਹੈ। ਇਹ ਆਮ ਆਦਮੀ ਪਾਰਟੀ ਸਰਕਾਰ ਦੀ ਨੀਵੀਂ ਪੱਧਰ ਦੀ ਰਾਜਨੀਤੀ ਹੈ। ਉਹ ਜਾਣਦੇ ਹਨ ਕਿ ਦੀਵਾਲੀ ਆ ਰਹੀ ਹੈ। ਉਹ ਦੀਵਾਲੀ 'ਤੇ ਬਿਕਰਮ ਮਜੀਠੀਆ ਨੂੰ ਜੇਲ੍ਹ ਵਿਚ ਰੱਖਣਾ ਚਾਹੁੰਦੇ ਹਨ। ਜ਼ਿਕਰਯੋਗ ਹੈ ਕਿ ਬਿਕਰਮ ਸਿੰਘ ਮਜੀਠੀਆ ਇਸ ਸਮੇਂ ਨਾਭਾ ਜੇਲ੍ਹ ਵਿਚ ਬੰਦ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.
SPECIALITY:
PLUMBING : - Repairs/Replacement of Bathrooms accessories (sink, taps, tubs, showers, Toilets etc.
ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.
MASONRY WORK: - Plastering, skimming, Brick Work, Slabs Lying, Drive Ways, Roof maintenance etc.
CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.
For more information please contact at www.checkatrade.com
Chander Consultants Limited, London, UK 07488841161

# ਧਾਕੜ ਪੁਲਿਸ ਡੀਐਸਪੀ ਜਸ਼ਨਦੀਪ ਮਾਨ ਨੇ ਚਾਰਜ ਸੰਭਾਲਣ ਦੌਰਾਨ 191 ਪੇਟੀਆਂ ਸ਼ਰਾਬ ਦੀਆਂ ਬਰਾਮਦ ਕੀਤੀਆਂ

## ਪੁਲਿਸ ਨੂੰ ਵੱਡੀ ਕਾਮਯਾਬੀ, ਨਜਾਇਜ਼ ਸ਼ਰਾਬ ਦੀਆਂ 191 ਪੇਟੀਆਂ ਸਮੇਤ ਦੋ ਦੋਸ਼ੀ ਕਾਬੂ

**ਰੋਪੜ੍ਹ /ਸ੍ਰੀ ਕੀਰਤਪੁਰ ਸਾਹਿਬ ( ਜਤਿੰਦਰ ਪਾਲ ਸਿੰਘ ਕਲੇਰ )** ਸੂਬਾ ਸਰਕਾਰ ਅਤੇ ਪੰਜਾਬ ਪੁਲਿਸ ਵਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਗਈ ਮੁਹਿੰਮ ਦੇ ਤਹਿਤ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਟੀਮ ਨੂੰ ਵੱਡੀ ਕਾਮਯਾਬੀ ਹਾਸਿਲ ਹੋਈ ਹੈ ਜਿਲ੍ਹਾਂ ਪੁਲਿਸ ਮੁਖੀ ਗੁਲਨੀਤ ਸਿੰਘ ਖਰਾਨਾ ਸੀਨੀਅਰ ਪੁਲਿਸ ਕਪਤਾਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਨਸ਼ਾ ਵੇਚਣ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਪੰਜਾਬ ਸਰਕਾਰ ਅਤੇ ਪੰਜਾਬ ਪੁਲਿਸ ਵੱਲੋਂਆ ਵੱਡੀ ਗਈ ਮੁਹਿਮ ਤੇ ਤਹਿਤ ਜਸ਼ਨਦੀਪ ਸਿੰਘ ਮਾਨ ਉਪ ਪੁਲਿਸ ਕਪਤਾਨ ਸ੍ਰੀ ਅਨੰਦਪੁਰ ਸਾਹਿਬ ਜਿਹਨਾਂ ਨੇ ਸਿਰਫ਼ ਇਕ ਦਿਨ ਪਹਿਲਾਂ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਡੀ ਐਸ ਪੀ ਵਜੋਂ ਚਾਰਜ ਸੰਭਾਲ ਲਿਆ ਹੈ ਨੇ ਜਤਿਨ ਕਪੂਰ ਮੁੱਖ ਥਾਣਾ ਅਫਸਰ ਸ੍ਰੀ ਕੀਰਤਪੁਰ ਸਾਹਿਬ ਦੀ ਨਿਗਰਾਨੀ ਹੇਠ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਟੀਮ ਨੂੰ ਉਦੋਂ ਵੱਡੀ ਸਫਲਤਾ ਮਿਲੀ ਜਦੋਂ ਇਹ ਏ, ਐਸ ਆਈ ਸੁਖਵਿੰਦਰ ਸਿੰਘ ਇੰਚਾਰਜ ਪੁਲਿਸ ਚੌਕੀ ਭਰਤਗੜ੍ਹ ਸਮੇਤ ਏਐਸਆਈ ਸੁਰਜੀਤ ਸਿੰਘ ਹਵਲਦਾਰ ਰਵਿੰਦਰ ਸਿੰਘ ਹਵਲਦਾਰ ਕੁਲਵੀਰ ਸਿੰਘ ਹਵਲਦਾਰ ਹਰਵਿੰਦਰ ਸਿੰਘ ਹੋਮ ਗਾਰਡ ਜਵਾਨ ਰਜਿੰਦਰ ਸਿੰਘ ਜੋ ਕਿ ਸਰਕਾਰੀ ਗੱਡੀ ਨੰਬਰ ਪੀ,ਬੀ 12 ਵਾਈ 4932 ਜੇ ਇਸ ਨੂੰ ਡਰਾਈਵਰ ਸਿਪਾਹੀ ਪ੍ਰਿਤਪਾਲ ਸਿੰਘ ਚਲਾ ਰਿਹਾ ਸੀ ਦਿਵਾਲੀ ਦੇ ਤਿਉਹਾਰਾਂ ਦੇ ਮੱਦੇ ਨਜ਼ਰ ਗਸ਼ਤ ਅਤੇ ਚੈਕਿੰਗ ਸ਼ੱਕੀ ਪੁਰਸ਼ਾਂ ਅਤੇ ਸ਼ੱਕੀ ਵਾਹਨਾਂ ਸਬੰਧੀ ਮੇਨ ਰੋਡ ਬੱਸ ਸਾਡਾ ਭਰਤਗੜ੍ਹ ਵਿੱਚ ਮੌਜੂਦ ਸੀ ਤਾਂ ਇੱਕ ਖਾਸ ਮੁਖਬਰ ਹੈ ਇਤਲਾਹ ਦਿੱਤੀ ਕੀ ਇੱਕ ਟਰੱਕ 12 ਟੈਰੀ ਨੰਬਰ ਯੂਪੀ 53 ਡੀਟੀ 68 16 ਜਿਸ ਦਾ ਡਰਾਈਵਰ ਦੀਪਕ ਵੈਨਵੰਸੀ ਪੁੱਤਰ ਸ੍ਰੀ ਮੁੰਨਾ ਬੈਨ ਬੰਸੀ ਵਾਸੀ ਪਿੰਡ ਆਇਲੀਆ ਥਾਣਾ ਚੰਦਬਕ ਜਿਲ੍ਹਾ ਜੋਨਪੁਰ ਉੱਤਰ ਪ੍ਰਦੇਸ਼ ਅਤੇ ਕੰਡਕਟਰ ਆਕਾਸ਼ ਕੁਮਾਰ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਕਸੇਲੀ



ਥਾਣਾ ਗੰਗੀਰੀ ਜਿਲਾ ਅਲੀਗੜ੍ਹ ਉੱਤਰ ਪ੍ਰਦੇਸ਼ ਜੋ ਕਿ ਪੰਜਾਬ ਹਿਮਾ-ਚਲ ਪ੍ਰਦੇਸ਼ ਵਿੱਚ ਨਜਾਇਜ਼ ਸ਼ਰਾਬ ਵੇਚਣ ਦਾ ਕੰਮ ਕਰਦੇ ਹਨ ਜੋ ਅੱਜ ਵੀ ਚੰਡੀਗੜ੍ਹ ਤੋਂ ਨਜਾਇਜ਼ ਸ਼ਰਾਬ ਟਰੱਕ ਵਿੱਚ ਲੋੜ ਕਰਕੇ ਨਜਾਇਜ਼ ਸ਼ਰਾਬ ਦੇ ਉੱਪਰ ਸੀਮੈਂਟ ਦੇ ਬਲਾਕ ਲਗਾ ਕੇ ਸ਼ਰਾਬ ਨੂੰ ਬਲੋਕਾਂ ਦੇ ਹੇਠਾਂ ਛੁਪਾ ਕੇ ਵੇਚਣ ਲਈ ਹਿਮਾਚਲ ਪ੍ਰਦੇਸ਼ ਨੂੰ ਵਾਇਆ ਭਰਤਗੜ੍ਹ ਹੋ ਕੇ ਜਾ ਰਹੇ ਹਨ ਜੇਕਰ ਹੁਣੇ ਹੀ ਸਰਸਾ ਨੰਗਲ ਨਜ਼ਦੀਕ ਨਾਕਾ ਬੰਦੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਫੜੇ ਜਾ ਸਕਦੇ ਹਨ। ਇਸ ਸਬੰਧੀ ਭਰਤਗੜ੍ਹ ਚੌਂਕੀ ਇੰਚਾਰਜ ਸੁਖਵਿੰਦਰ ਸਿੰਘ ਵੱਲੋਂ ਕਾਰਵਾਈ ਕਰਦੇ ਹੋਏ ਸਰਸਾ ਨੰਗਲ ਨਜ਼ਦੀਕ ਨਾਕੇਬੰਦੀ ਕੀਤੀ ਗਈ ਅਤੇ ਆ ਰਹੇ ਟਰੱਕ ਨੂੰ ਰੋਕਿਆ ਗਿਆ ਟਰੱਕ ਰੋਕਣ ਤੇ ਇਸ ਦੀ ਤਲਾਸ਼ੀ ਕੀਤੀ ਗਈ ਜਿਸ ਤੇ ਸੀਮੈਂਟ ਦੇ ਬਣੇ ਬਲਾਕ ਉਤਾਰ ਕੇ ਜਦੋਂ ਥੱਲੇ ਦੇਖਿਆ ਗਿਆ ਤਾਂ ਸ਼ਰਾਬ ਦੀਆਂ ਪੇਟੀਆਂ ਮੌਜੂਦ ਸਨ। ਪੁਲਿਸ ਵਲੋਂ ਤੁਰੰਤ ਕਾਰਵਾਈ ਕਰਦੇ ਹੋਏ ਪੂਰੇ ਟਰੱਕ ਦੀ ਤਲਾਸ਼ੀ ਲਈ ਗਈ ਤਾਂ ਇਸ ਵਿੱਚੋਂ ਸ਼ਰਾਬ ਮਾਰਕਾ ਡਿਸਕਾਊਂਟ 27 ਪੇਟੀਆਂ, ਸ਼ਰਾਬ ਮਾਰਕਾ ਸਟਾਰ ਗੋਲਡ 64 ਪੇਟੀਆਂ, ਸ਼ਰਾਬ ਮਾਰਕਾ ਸਟਾਰ ਗੋਲਡ ਬੋਤਲਾਂ 46 ਪੇਟੀਆਂ, ਸ਼ਰਾਬ ਮਾਰਕਾ ਇੰਪੀਰੀਅਲ ਸਟਾਇਲ ਬੋਤਲਾਂ 54 ਪੇਟੀਆਂ ਜੋ ਕਿ ਕੁੱਲ 191 ਪੇਟੀਆਂ ਬਰਾਮਦ ਹੋਈਆਂ। ਪੁਲਿਸ ਵੱਲੋਂ ਦੋ ਦੋਸ਼ੀ ਫੜੇ ਗਏ ਜਿਨਾਂ ਤੇ ਪੁਲਿਸ ਵੱਲੋਂ ਦੀਪਕ ਬੈਨਬੰਸੀ ਅਤੇ ਆਕਾਸ਼ ਕੁਮਾਰ ਉੱਪਰ ਮੁਕਦਮਾ ਨੰਬਰ 118 ਮਿਤੀ 14/10/2025 ਐਕਸਾਈਜ਼ ਐਕਟ ਅਧੀਨ ਦਰਜ ਕੀਤਾ ਗਿਆ ਦੋਵੇਂ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਪੁਲਿਸ ਵੱਲੋਂ ਸਖਤੀ ਨਾਲ ਪੁੱਛ ਪੜਤਾਲ ਕੀਤੀ ਜਾ ਰਹੀ ਹੈ ਜਿਸ ਤੇ ਹੋਰ ਵੱਡੇ ਖੁਲਾਸੇ ਹੋ ਸਕਦੇ ਹਨ। ਇਸ ਤੇ ਨਵ ਨਿਯੁਕਤ ਡੀਐਸਪੀ ਜਸ਼ਨਦੀਪ ਸਿੰਘ ਮਾਨ ਵਲੋਂ ਪ੍ਰੈਸ ਵਾਰਤਾ ਕੀਤੀ ਗਈ ਅਤੇ ਉਹਨਾਂ ਅਪਰਾਧੀ ਕਿਸਮ ਦੇ ਵਿਅਕਤੀਆਂ ਨੂੰ ਸਖ਼ਤੀ ਨਾਲ ਤਾੜਨਾ ਕੀਤੀ ਗਈ, ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਕੋਈ ਵੀ ਸ਼ੱਕੀ ਵਿਅਕਤੀ ਦਿਖਦਾ ਹੈ ਤਾਂ ਪੁਲਿਸ ਨੂੰ ਸੂਚਿਤ ਕੀਤਾ ਜਾਵੇ।

# ਆਰਕੀਟੈਕਟ ਐਸੋਸੀਏਸ਼ਨ ਡੇਰਾਬੱਸੀ ਨੇ ਹੜ ਪੀੜਤਾਂ ਲਈ 51000 ਰੁਪਏ ਦੀ ਕੀਤੀ ਮਦਦ

**ਡੇਰਾਬੱਸੀ, (ਸੰਜੀਵ ਸਿੰਘ ਸੈਣੀ)** ਡੇਰਾਬੱਸੀ ਆਰਕੀਟੈਕਟ ਵੈਲਫੇਅਰ ਐਸੋਸੀਏਸ਼ਨ ਵੱਲੋਂ ਸਮਾਜਿਕ ਜ਼ਿੰਮੇਵਾਰੀ ਦਾ ਨਿਭਾਉਂਦੇ ਹੋਏ ਪੰਜਾਬ ਦੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ 51,000 ਰੁਪਏ ਦੀ ਰਕਮ ਦਾਨ ਕੀਤੀ ਗਈ। ਐਸੋਸੀਏਸ਼ਨ ਦੇ ਪ੍ਰਧਾਨ ਤੇਜਿੰਦਰ ਕੁਮਾਰ ਕਪਿਲ ਨੇ ਡੇਰਾਬੱਸੀ ਨਗਰ ਕੌਂਸਲ ਦੇ ਕਾਰਜਕਾਰੀ ਅਧਿਕਾਰੀ ਰਵਨੀਤ ਸਿੰਘ ਨੂੰ ਇਹ ਡਿਮਾਂਡ ਡਰਾਫਟ ਸੌਂਪਿਆ। ਤੇਜਿੰਦਰ ਕੁਮਾਰ ਕਪਿਲ ਨੇ ਦੱਸਿਆ ਕਿ ਇਹ ਰਕਮ ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਸਾਂਝੇ ਯੋਗਦਾਨ ਰਾਹੀਂ



ਇਕੱਠੀ ਕੀਤੀ ਗਈ ਸੀ, ਜਿਸਨੂੰ ਮੁੱਖ ਮੰਤਰੀ ਰਾਹਤ ਫੰਡ ਵਿੱਚ ਜਮ੍ਹਾਂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਸੰਕਟ ਦੇ ਸਮੇਂ ਸਮਾਜ ਦੇ ਹਰੇਕ ਹਿੱਸੇ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ ਤਾਂ ਜੋ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਮਿਲ ਸਕੇ। ਇਸ ਮੌਕੇ ਈਓ ਰਵਨੀਤ ਸਿੰਘ ਨੇ ਆਰਕੀਟੈਕਟ ਐਸੋਸੀਏਸ਼ਨ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹ ਉਦਾਰਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਪ੍ਰੇਰਕ ਮਿਸਾਲ ਹੈ। ਇਸ ਮੌਕੇ ਸੀਨੀਅਰ ਚੀਫ਼ ਪੈਟਰਨ ਰਾਜੇਸ਼ ਨਾਰਾਇਣ, ਚੇਅਰਮੈਨ ਜਸਪ੍ਰੀਤ ਸਿੰਘ ਬੇਦੀ, ਰਜਤ ਸ਼ਰਮਾ, ਰਾਜੇਸ਼ ਸੈਣੀ ਅਤੇ ਐਸੋਸੀਏਸ਼ਨ ਦੇ ਹੋਰ ਮੈਂਬਰ ਵੀ ਮੌਜੂਦ ਸਨ।

# 16 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜਨਮ ਉਤਸਵ 'ਤੇ ਰਕਬਾ ਭਵਨ ਵਿਖੇ 21 ਸ਼ਖ਼ਸ਼ੀਅਤਾਂ ਦਾ ਹੋਵੇਗਾ ਵਿਸ਼ੇਸ਼ ਸਨਮਾਨ- ਸਮਾਗਮ ਦੀਆਂ ਤਿਆਰੀਆਂ ਮੁਕੰਮਲ- ਬਾਵਾ

## ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ ਮਹਾਨ ਯੋਧੇ, ਜਰਨੈਲ ਦਾ ਜਨਮ ਉਤਸਵ ਹਰ ਕਿਸਾਨ ਘਰ ਦੇ ਬਨੇਰੇ 'ਤੇ ਦੇਸੀ ਘਿਓ ਦਾ ਦੀਵਾ ਬਾਲ ਕੇ ਮਨਾਵੇ- ਗਿੱਲ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)**-ਅੱਜ ਬਾਬਾ ਬੰਦਾ ਸਿੰਘ ਬਹਾਦਰ ਭਵਨ ਰਕਬਾ ਵਿਖੇ 16 ਅਕਤੂਬਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 355ਵਾਂ ਜਨਮ ਉਤਸਵ ਮਨਾਉਣ ਸੰਬੰਧੀ ਫਾਊਂਡੇਸ਼ਨ ਦੇ ਅੰਤਰਰਾਸ਼ਟਰੀ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ ਦੀ ਪ੍ਰਧਾਨਗੀ ਹੇਠ ਸਮੁੱਚੇ ਪ੍ਰਬੰਧਾਂ ਦੀ ਦੇਖ-ਰੇਖ ਲਈ ਮੀਟਿੰਗ ਹੋਈ ਜਿਸ ਵਿੱਚ ਕਰਨੈਲ ਸਿੰਘ ਗਿੱਲ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ, ਭਗਵੰਤ ਸਿੰਘ ਸਾਬਕਾ ਸਰਪੰਚ, ਲਵਲੀ ਚੌਧਰੀ, ਕਾਕੂ ਚੌਧਰੀ, ਪਵਨ ਗਰਗ, ਸੁੱਚਾ ਸਿੰਘ, ਲਵਜੋਤ ਸਿੰਘ, ਮਨਜਿੰਦਰ ਸਿੰਘ ਦਾਖਾ, ਸੁਖਦੇਵ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ



ਹੋਏ। ਇਸ ਸਮੇਂ ਸ਼੍ਰੀ ਬਾਵਾ ਨੇ ਦੱਸਿਆ ਕਿ ਮਹਾਨ ਤਪੱਸਵੀ, ਤੇਜੱਸਵੀ ਯੋਧੇ, ਜਰਨੈਲ, ਕਿਸਾਨੀ ਦੇ ਮੁਕਤੀਦਾਤਾ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ 355ਵੇਂ ਜਨਮ ਉਤਸਵ 'ਤੇ 16 ਅਕਤੂਬਰ ਨੂੰ ਵੱਖ-ਵੱਖ ਵਰਗ ਨਾਲ ਸੰਬੰਧਿਤ 21 ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ-ਦਿਹਾੜਾ ਸਭ ਨੂੰ ਮਿਲ ਕੇ ਮਨਾਉਣਾ ਚਾਹੀਦਾ ਹੈ। ਉਹਨਾਂ ਨੇ ਕਿਹਾ ਕਿ ਜਗੀਰਦਾਰੀ ਸਿਸਟਮ ਦਾ ਖਾਤਮਾ ਕਰਕੇ ਮੁਜਾਰਿਆਂ ਨੂੰ ਜ਼ਮੀਨਾਂ ਦੇ ਮਾਲਕ ਬਣਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਹੀ ਸਨ। ਇਸ ਸਮੇਂ ਕਰਨੈਲ ਸਿੰਘ ਗਿੱਲ ਨੇ ਕਿਹਾ ਕਿ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਗੌਰਵਮਈ ਇਤਿਹਾਸ ਰਚਣ ਵਾਲੇ ਮਹਾਨ ਸੂਰਬੀਰ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਜਨਮ-ਦਿਹਾੜਾ ਹਰ ਕਿਸਾਨ ਨੂੰ ਆਪਣੇ ਘਰ ਦੇ ਬਨੇਰੇ 'ਤੇ ਦੇਸੀ ਘਿਓ ਦਾ ਦੀਵਾ ਬਾਲ ਕੇ ਮਨਾਉਣਾ ਚਾਹੀਦਾ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਅੰਡਰ 17 ਸਾਲਾਂ ਲੜਕੀਆਂ ਦੀ 69ਵੀਂ ਅੰਤਰ ਜਿਲ੍ਹਾ ਬਾਸਕਟਬਾਲ ਚੈਂਪੀਅਨਸ਼ਿਪ

## ਤਿੰਨ ਰੋਜ਼ਾ ਸਟੇਟ ਚੈਂਪੀਅਨਸ਼ਿਪ ਦੇ ਦੂਸਰੇ ਦਿਨ ਹੋਏ ਰੌਚਿਕ ਮੁਕਾਬਲੇ

**ਕਪੂਰਥਲਾ( ਕੌੜਾ )-** ਜ਼ਿਲਾ ਸਿੱਖਿਆ ਅਫਸਰ ( ਸੈਕੰਡਰੀ) ਕਪੂਰਥਲਾ ਹਰਜਿੰਦਰ ਸਿੰਘ ਅਤੇ ਉਪ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਕਪੂਰਥਲਾ ਸਟੇਟ ਐਵਾਰਡੀ ਰਜੇਸ਼ ਕੁਮਾਰ ਭੱਲਾ ਦੀ ਅਗਵਾਈ ਹੇਠ 69ਵੀ ਪੰਜਾਬ ਅੰਤਰ ਜਿਲ੍ਹਾ ਸਕੂਲਜ਼ ਖੇਡਾਂ ( ਬਾਸਕਟਬਾਲ ਅੰਡਰ 17 ਸਾਲ ਲੜਕੀਆਂ) ਦੀ ਤਿੰਨ ਰੋਜ਼ਾ ਸਟੇਟ ਚੈਂਪੀਅਨਸ਼ਿਪ ਅੱਜ ਸਥਾਨਿਕ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ ) ਘੰਟਾ ਘਰ, ਰਣਧੀਰ ਸਕੂਲ ਅਤੇ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਦੂਸਰੇ ਦਿਨ ਬਾਸਕਟ ਬਾਲ ਦੇ ਰੌਚਕ ਮੁਕਾਬਲੇ ਵੇਖਣ ਨੂੰ ਮਿਲੇ । ਡੀ ਐਮ (ਸਪੋਰਟਸ) ਕਪੂਰਥਲਾ ਸੁਖਵਿੰਦਰ ਸਿੰਘ ਖੱਸਣ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਡੀ ਟੀ ਸੀ ਦੇ ਜਨਰਲ ਸਕੱਤਰ ਪ੍ਰਿੰਸੀਪਲ ਮਨਜੀਤ ਸਿੰਘ ਸਟੇਟ ਐਵਾਰਡੀ , ਪ੍ਰਿੰਸੀਪਲ ਨਵਚੇਤਨ ਸਿੰਘ, ਪ੍ਰਿੰਸੀਪਲ ਗੁਰ-ਚਰਨ ਸਿੰਘ ਚਾਹਲ , ਅਬਜਰਵਰ ਲੈਕਚਰਾਰ ਰਣਜੀਤ ਸਿੰਘ ਗੁਰਦ-ਾਸਪੁਰ ਅਤੇ ਸਲੈਕਟਰ ਲੈਕਚਰਾਰ ਰਾਜਵਿੰਦਰ ਕੌਰ ਜਲੰਧਰ ਆਦਿ ਦੀ ਯੋਗ ਰਹਿਨੁਮਾਈ ਹੇਠ ਚੱਲ ਰਹੀ ਉਕਤ 69ਵੀ ਅੰਤਰ ਜਿਲ੍ਹਾ ਬਾਸਕਟਬ-ਾਲ ਅੰਡਰ - 17 ਸਾਲ ਲੜਕੀਆਂ ਦੀ ਤਿੰਨ ਰੋਜ਼ਾ ਸਟੇਟ ਚੈਂਪੀਅਨਸ਼ਿਪ ਦੇ ਦੂਸਰੇ ਦਿਨ ਖਿਡਾਰਨਾਂ ਨੂੰ ਅਸ਼ੀਰਵਾਦ ਦੇਣ ਲਈ ਆਮ ਆਦਮੀ ਪਾਰਟੀ ਕਪੂਰਥਲਾ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਸਿੰਘ ਚੰਦੀ, ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ ( ਸੈਕੰਡਰੀ ਸਿੱਖਿਆ ਕਪੂਰਥਲਾ) ਮੱਸਾ ਸਿੰਘ ਸਿੱਧੂ ਅਤੇ ਸਾਬਕਾ ਡਿਪਟੀ



ਕਪੂਰਥਲਾ ਵਿਖੇ ਚੱਲ ਰਹੀ 69ਵੀ ਅੰਤਰ ਜਿਲ੍ਹਾ ਬਾਸਕਟਬਾਲ ਅੰਡਰ - 17 ਸਾਲ ਲੜਕੀਆਂ ਦੀ ਸਟੇਟ ਚੈਂਪੀਅਨਸ਼ਿਪ ਦੌਰਾਨ ਖਿਡਾਰਨਾਂ ਨੂੰ ਅਸ਼ੀਰਵਾਦ ਦਿੰਦੇ ਹੋਏ " ਆਪ " ਕਪੂਰਥਲਾ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਬੀਰ ਸਿੰਘ ਚੰਦੀ ਅਤੇ ਬਾਸਕਟਬਾਲ ਦੇ ਆਕਰਸ਼ਕ ਲੀਗ ਮੈਚ ਦਾ ਦ੍ਰਿਸ਼ ।

ਡਾਇਰੈਕਟਰ ( ਖੇਡਾਂ) ਪੰਜਾਬ ਅਤੇ ਅੰਤਰਰਾਸ਼ਟਰੀ ਬਾਸਕ-ਟਬਾਲ ਖਿਡਾਰੀ ਸਤੀਸ਼ ਸ਼ਰਮਾ ਆਦਿ ਵਿਸ਼ੇਸ਼ ਤੌਰ ਉੱਤੇ ਪਹੁੰਚੇ। ਲੈਕ : ਜਗੀਰ ਸਿੰਘ, ਲੈਕ: ਸਰਜੀਤ ਸਿੰਘ ਥਿੰਦ, ਲੈਕ: ਦਵਿੰਦਰ ਸਿੰਘ, ਲੈਕ : ਰਾਕੇਸ਼ ਕੁਮਾਰ ਸੈਦਪੁਰ, ਲੈਕ: ਮੈਡਮ ਰਮਨਦੀਪ ਕੌਰ , ਡੀ ਪੀ ਈ ਸਾਜਨ ਕੁਮਾਰ, ਡੀ ਪੀ ਈ ਮਨਜਿੰਦਰ ਸਿੰਘ, ਪੀ ਟੀ ਆਈ ਕੁਲਬੀਰ ਕਾਲੀ ਟਿੱਬਾ, ਸਟੇਟ ਐਵਾਰਡੀ ਦਿਨੇਸ਼ ਸ਼ਰਮਾ ਪੀ ਟੀ ਆਈ, ਪੀ ਟੀ ਆਈ ਜਗਦੀਪ ਸਿੰਘ,ਪੀ ਟੀ ਆਈ ਹਰਪ੍ਰੀਤ ਪਾਲ ਸਿੰਘ,ਪੀ ਟੀ ਆਈ ਅਜੀਤਪਾਲ ਸਿੰਘ ਟਿੱਬਾ,ਪੀ ਟੀ ਆਈ ਜਸਵਿੰਦਰ ਸਿੰਘ ਸੋਢੀ ,ਪੀ ਟੀ ਆਈ ਰਜਿੰਦਰ ਪਾਲ ਸਿੰਘ ਆਦਿ ਦੀ ਦੀ ਹਾਜ਼ਰੀ ਦੌਰਾਨ ਬਾਸਕਟਬਾਲ ਸਟੇਟ ਚੈਂਪੀਅਨਸ਼ਿਪ ਦੇ ਅੱਜ ਘੰਟਾ ਘਰ ਸਕੂਲ , ਰਣਧੀਰ ਸਕੂਲ ਅਤੇ ਗੁਰੂ ਨਾਨਕ ਸਟੇਡੀਅਮ ਕਪੂਰਥਲਾ ਵਿਖੇ ਲੜਕੀਆਂ ਦੇ ਬਾਸਕਟਬਾਲ ਦੇ ਹੋਏ ਰੌਚਿਕ ਲੀਗ ਮੈਚਾਂ ਦੌਰਾਨ ਕਪੂਰਥਲਾ ਨੇ ਸੰਗਰੂਰ ਨੂੰ, ਜਲੰਧਰ ਨੇ ਅੰਮ੍ਰਿਤਸਰ ਵਿੰਗ ਨੂੰ , ਫਤਿਹਗੜ੍ਹ ਸਾਹਿਬ ਨੇ ਰੂਪਨਗਰ ਨੂੰ , ਬਠਿੰਡਾ ਨੇ ਬਰਨਾਲਾ ਨੂੰ ਹਰਾਇਆ , ਇਸੇ ਤਰ੍ਹਾਂ ਸੰਗਰੂਰ ਨੇ ਤਰਨ ਤਾਰਨ ਨੂੰ , ਲੁਧਿਆਣਾ ਨੇ ਰੂਪਨਗਰ ਨੂੰ , ਫਰੀਦਕੋਟ ਨੇ ਮਲੇਰਕੋਟਲਾ ਨੂੰ ਅਤੇ ਫਤਿਹਗੜ੍ਹ ਸਾਹਿਬ ਨੇ ਪਠਾਨਕੋਟ ਨੂੰ ਹਰਾਇਆ। ਜਦਕਿ ਲੁਧਿਆਣਾ ਵਿੰਗ ਨੇ ਫਿਰੋਜ਼ਪੁਰ ਨੂੰ , ਕਪੂਰਥਲਾ ਨੇ ਮੋਗਾ ਨੂੰ, ਫਰੀਦਕੋਟ ਨੇ ਪਠਾਨਕੋਟ ਨੂੰ, ਜਲੰਧਰ ਨੇ ਤਰਨਤਾਰਨ ਨੂੰ, ਫਤਿਹਗੜ੍ਹ ਸਾਹਿਬ ਨੇ ਮਲੇਰਕੋਟਲਾ ਨੂੰ, ਰੂਪਨਗਰ ਨੇ ਫਿਰੋਜ਼ਪੁਰ ਨੂੰ, ਅੰਮ੍ਰਿਤਸਰ ਵਿੰਗ ਨੇ ਮੋਗਾ ਨੂੰ , ਜਲੰਧਰ ਨੇ ਸੰਗਰੂਰ ਨੂੰ, ਫਤਿਹਗੜ੍ਹ ਸਾਹਿਬ ਨੇ ਫਰੀਦਕੋਟ ਨੂੰ, ਪਠਾਨਕੋਟ ਨੇ ਮਲੇਰਕੋਟਲਾ ਨੂੰ ਅਤੇ ਕਪੂਰਥਲਾ ਨੇ ਅੰਮ੍ਰਿਤਸਰ ਵਿੰਗ ਨੂੰ ਆਪਣੇ ਲੀਗ ਮੈਚਾਂ ਵਿੱਚ ਹਰਾਇਆ ਡੀ ਐੱਮ ( ਸਪੋਰਟਸ) ਕਪੂਰਥਲਾ ਸੁਖਵਿੰਦਰ ਸਿੰਘ ਖੱਸਣ ਨੇ ਦੱਸਿਆ ਕਿ 15 ਅਕਤੂਬਰ ਨੂੰ ਕਪੂਰਥਲਾ ਵਿਖ਼ੇ ਚੱਲ ਰਹੀ 69ਵੀ ਅੰਤਰ ਜਿਲ੍ਹਾ ਬਾਸਕ-ਟਬਾਲ ਅੰਡਰ - 17 ਸਾਲ ਲੜਕੀਆਂ ਦੀ ਤਿੰਨ ਰੋਜ਼ਾ ਸਟੇਟ ਚੈਂਪੀਅਨਸ਼ਿਪ ਦੇ ਕੁਆਟਰ ਫਾਈਨਲ, ਸੈਮੀ ਫਾਈਨਲ ਅਤੇ ਫਾਈਨਲ ਮੈਚ ਖੇਡੇ ਜਾਣਗੇ ।

# ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਐਸ.ਡੀ.ਪੀ ਕਾਲਜ ਵਿਖੇ ਖੂਨਦਾਨ ਕੈਂਪ ਲਾਇਆ

**●ਖੂਨਦਾਨ ਮਨੁੱਖਤਾ ਦੀ ਸੱਭ ਤੋਂ ਵੱਡੀ ਤੇ ਪ੍ਰਮਾਤਮਾ ਦੀ ਸੱਚੀ ਸੇਵਾ ਹੈ- ਜੱਥੇਦਾਰ ਨਿਮਾਣਾ ●ਐਸ.ਡੀ.ਪੀ. ਕਾਲਜ ਫਾਰ ਵੂਮੈਨ ਵੱਲੋਂ ਖੂਨਦਾਨ ਕੈਂਪ ਦਾ ਆਯੋਜਨ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਐਸ.ਡੀ.ਪੀ. ਸਭਾ ਅਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਭਸੀਨ ਦੀ ਅਗਵਾਈ ਹੇਠ, ਐਨ.ਐਸ.ਐਸ. ਯੂਨਿਟ ਅਤੇ ਰੈਡ ਰਿਬਨ ਕਲੱਬ, ਐਸ.ਡੀ.ਪੀ. ਕਾਲਜ ਫਾਰ ਵੂਮੈਨ, ਲੁਧਿਆਣਾ ਵੱਲੋਂ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ, ਲੁਧਿਆਣਾ ਦੇ ਸਹਿਯੋਗ ਨਾਲ ਮਹਾਨ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦੇ ਨਾਲ ਹਰਪ੍ਰੀਤ ਸਿੰਘ ਮਿਸ਼ਨ ਆਸ ਸੇਵਾ ਸੁਸਾਇਟੀ, ਮਨਿੰਦਰ ਸਿੰਘ ਅਹੂਜਾ ਪ੍ਰਧਾਨ ਸਿੱਖ ਨੌਜਵਾਨ ਸੇਵਾ ਸੁਸਾਇਟੀ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ। ਇਸ ਸਮੇਂ ਮਹਾਨ ਖੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਜੀ ਨੇ ਇਕੱਠ ਨੂੰ ਸੰਬੋਧਨ ਕੀਤਾ ਅਤੇ ਵਿਦਿਆਰਥਣਾਂ ਨੂੰ ਆਪਣੀ ਸੇਵਾ ਸੁਸਾਇਟੀ ਦੇ ਨੇਕ ਮਿਸ਼ਨ ਬਾਰੇ ਜਾਣੂ ਕਰਵਾਇਆ। ਜੱਥੇਦਾਰ ਨਿਮਾਣਾ ਦੱਸਿਆ ਕਿ






ਖੂਨਦਾਨ ਕੈਂਪ ਦਾ ਉਦਘਾਟਨ ਕਰਦੇ ਹੋਏ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ. ਪ੍ਰਿੰਸੀਪਲ ਡਾ: ਰੀਤੂ ਹਾਂਡਾ ਅਤੇ ਹੋਰ।

ਹਸਪਤਾਲ ਵਿੱਚ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਲਈ ਅੱਜ ਦਾ ਇਹ ਮਹਾਨ ਖੂਨਦਾਨ ਕੈਂਪ ਬਹੁਤ ਲਾਹੇਵੰਦ ਹੋਵੇਗਾ। ਇਸ ਕੈਂਪ ਨਾਲ ਬਹੁਤ ਸਾਰੀਆਂ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ ਖੂਨਦਾਨ ਮਨੁੱਖਤਾ ਦੀ ਸੱਭ ਤੋਂ ਵੱਡੀ ਤੇ ਪ੍ਰਮਾਤਮਾ ਦੀ ਸੱਚੀ ਸੇਵਾ ਹੈ ਅਤੇ ਕਿਹਾ ਕਿ ਸਾਡੀ ਸੰਸਥਾ ਲੋੜਵੰਦਾਂ ਨੂੰ ਮੁਫ਼ਤ ਖੂਨ ਪ੍ਰਦਾਨ ਕਰਨ ਲਈ ਸਮਰਪਿਤ ਹੈ ਉਨ੍ਹਾਂ ਇਹ ਵੀ ਸਾਂਝਾ ਕੀਤਾ ਕਿ ਸੁਸਾਇਟੀ ਵੱਲੋਂ ਅੱਜ ਦਾ 839ਵਾਂ ਮਹਾਨ ਖੂਨਦਾਨ ਕੈਂਪ ਨੂੰ ਸਫਲ ਬਣਾਉਣ ਲਈ ਡਾਕਟਰ ਨਵਜੋਤ ਕੌਰ ਸੀ.ਐਮ.ਸੀ ਦੀ ਟੀਮ ਦੇ ਸਹਿਯੋਗ ਨਾਲ 50 ਬਲੱਡ ਯੂਨਿਟ ਵਿਦਿਆਰਥਣਾਂ ਦੇ ਨਾਲ-ਨਾਲ ਕਾਲਜ ਦੇ ਕਈ ਫੈਕਲਟੀ ਮੈਂਬਰਾਂ ਦੇ ਉਤਸ਼ਾਹ ਨਾਲ ਇਕੱਤਰ ਕੀਤਾ ਗਿਆ। ਇਸ ਕੈਂਪ ਦਾ ਪ੍ਰਭਾਵਸ਼ਾਲੀ ਢੰਗ ਨਾਲ ਤਾਲਮੇਲ ਐਨ.ਐਸ.ਐਸ. ਪ੍ਰੋਗਰਾਮ ਅਫਸਰ ਸ਼੍ਰੀਮਤੀ ਸੁਖਜਿੰਦਰ ਕੌਰ, ਸ਼੍ਰੀਮਤੀ ਰੀਨਾ ਰਾਣੀ, ਅਤੇ ਸ਼੍ਰੀਮਤੀ ਪ੍ਰੀਤੀ ਨਰੂਲਾ, ਅਤੇ ਰੈੱਡ ਰਿਬਨ ਕਲੱਬ ਦੇ ਕਨਵੀਨਰ ਡਾ: ਅਰੁਣ ਪ੍ਰਭਾ ਦੁਆਰਾ ਕੀਤਾ ਗਿਆ। ਪ੍ਰਿੰਸੀਪਲ ਡਾ: ਨੀਤੂ ਹਾਂਡਾ ਨੇ ਐਨ.ਐਸ.ਐਸ. ਅਤੇ ਰੈੱਡ ਰਿਬਨ ਕਲੱਬ ਦੇ ਇਸ ਤਰ੍ਹਾਂ ਦੇ ਜੀਵਨ-ਰੱਖਿਅਕ ਸਮਾਗਮ ਦੇ ਆਯੋਜਨ ਲਈ ਉੱਦਮ ਦੀ ਸ਼ਲਾਘਾ ਕੀਤੀ ਅਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਦਾ ਸਮਾਜ ਪ੍ਰਤੀ ਉਨ੍ਹਾਂ ਦੇ ਨਿਰਸਵਾਰਥ ਯੋਗਦਾਨ ਲਈ ਧੰਨਵਾਦ ਕੀਤਾ।

# ਇੰਨਰਵੀਲਜ਼ ਕਲੱਬ ਕਪੂਰਥਲਾ ਵੱਲੋਂ ਭੰਡਾਲ ਦੋਨਾ ਵਿਖੇ ਗਰੀਨ ਦੀਵਾਲੀ ਪ੍ਰੋਗਰਾਮ ਕਰਵਾਇਆ ਗਿਆ

**ਕਪੂਰਥਲਾ, (ਕੌੜਾ)–** ਜ਼ਿਲ੍ਹਾ ਕਪੂਰਥਲਾ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲ, ਭੰਡਾਲ ਦੋਨਾ ਵਿਖੇ ਇੰਨਰਵੀਲਜ਼ ਕਲੱਬ ਕਪੂਰਥਲਾ ਵੱਲੋਂ ਗਰੀਨ ਦੀਵਾਲੀ ਪ੍ਰੋਗਰਾਮ ਕਰਵਾਇਆ ਗਿਆ। ਸਕੂਲ ਅਧਿਆਪਕਾਂ ਅਤੇ ਇਨਰਵ੍ਹੀਲਜ਼ ਕਲੱਬ ਦੇ ਮੈਂਬਰਾਂ ਦੇ ਆਪਸੀ ਸਹਿਯੋਗ ਦੇ ਨਾਲ ਕਰਵਾਏ ਗਏ ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਸਕੂਲ ਦੇ ਵਿਦਿਆਰਥੀਆਂ ਨੂੰ ਜੈਵਿਕ ਖਾਦ ਬਣਾਉਣ ਸਬੰਧੀ ਜਾਣਕਾਰੀ ਦਿੱਤੀ ਗਈ। ਇੰਨਰਵੀਲਜ਼ ਕਲੱਬ ਕਪੂਰਥਲਾ ਦੇ ਪ੍ਰਧਾਨ ਡਾਕਟਰ ਮੀਨਾ ਸੇਠੀ ਨੇ ਬੱਚਿਆਂ ਨੂੰ ਜੈਵਿਕ ਖ਼ਾਦ ਬਣਾਉਣ ਅਤੇ ਉਸਦੀ ਵਰਤੋਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਵਿਸ਼ੇਸ਼ ਖ਼ਾਦ ਨਾ ਸਿਰਫ਼ ਸਾਡੀ ਧਰਤੀ ਸਗੋਂ ਸਾਡੇ ਵਾਤਾਵਰਣ, ਰੁੱਖਾਂ – ਪੌਦਿਆਂ ਅਤੇ ਸਾਡੀ ਸਿਹਤ ਲਈ ਵੀ ਬਹੁਤ ਲਾਹੇਵੰਦ ਹੈ। ਉਹਨਾਂ ਇਹ ਵੀ ਦੱਸਿਆ ਕਿ ਜੈਵਿਕ ਖ਼ਾਦ ਨਾ ਸਿਰਫ਼ ਤਿਆਰ ਕਰਨ ਵਿੱਚ ਸੌਖੀ ਹੈ ਸਗੋਂ ਇਸ ਦੇ ਨਾਲ ਕਿਸੇ ਕਿਸਮ ਦਾ ਬੁਰਾ ਪ੍ਰਭਾਵ ਜਾਂ ਪ੍ਰਦੂਸ਼ਣ ਵੀ ਪੈਦਾ ਨਹੀਂ ਹੁੰਦਾ। ਇਸ ਕਾਰਜ ਸਬੰਧੀ ਉਹਨਾਂ ਨੇ ਸਕੂਲ ਨੂੰ ਦੋ ਕੂੜਾ ਦਾਨ ਵੀ ਭੇਂਟ ਕੀਤੇ। ਜਿਨ੍ਹਾਂ ਦੀ ਸਹਾਇਤਾ ਨਾਲ ਵਿਦਿਆਰਥੀ ਸਕੂਲ ਵਿੱਚ ਵੀ ਜੈਵਿਕ ਖ਼ਾਦ ਤਿਆਰ ਕਰ ਸਕਦੇ ਹਨ। ਇਨੰਰਵੀਲਜ਼ ਕਲੱਬ ਕਪੂਰਥਲਾ ਦੇ ਅੰਤਰ ਰਾਸ਼ਟਰੀ ਮੈਂਬਰ ਡਾਕਟਰ ਸੁਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਖ਼ਾਸ ਕਰ ਕੇ ਲੜਕੀਆਂ ਨੂੰ ਆਪਣੀ ਸਰੀਰਕ ਸਫ਼ਾਈ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਓਹਨਾਂ ਆਖਿਆ ਕਿ ਕਿਸ਼ੋਰ ਅਵਸਥਾ ਦੌਰਾਨ ਸਰੀਰਕ ਅਤੇ ਨਿੱਜੀ ਸਾਫ਼ ਸਫ਼ਾਈ ਬਹੁਤ ਜ਼ਰੂਰੀ ਹੁੰਦੀ ਹੈ। ਜਿਸ ਦੇ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਉਹਨਾਂ ਇਹ ਵੀ ਆਖਿਆ ਕਿ ਬੱਚਿਆਂ ਦੀਆਂ ਮਾਵਾਂ ਨੂੰ ਇਸ ਪੱਖ ਵੱਲ ਧਿਆਨ ਦੇਣ ਦੀ ਵਿਸ਼ੇਸ਼ ਲੋੜ ਹੈ। ਕਿਉਂਕਿ ਕਿਸੇ ਵੀ ਚੰਗੇ ਕਾਰਜ ਦੀ ਸ਼ੁਰੂਆਤ ਹਮੇਸ਼ਾ ਮਾਤਾ ਪਿਤਾ ਜਾਂ ਘਰ ਤੋਂ ਹੀ ਹੁੰਦੀ ਹੈ। ਆਏ ਹੋਏ ਮੈਂਬਰਾਂ ਨੇ ਵਾਤਾਵਰਨ ਦੀ ਸਾਂਭ ਸੰਭਾਲ ਅਤੇ ਸ਼ੁੱਧਤਾ ਉੱਤੇ ਜ਼ੋਰ ਦਿੰਦਿਆਂ ਆਖਿਆ ਕਿ ਸਾਨੂੰ ਸਭ ਨੂੰ ਮਿਲ ਕੇ ਗਰੀਨ ਦੀਵਾਲੀ ਮਨਾਉਣੀ ਚਾਹੀਦੀ ਹੈ ਤਾਂ ਜੋ ਸਿਹਤ ਅਤੇ ਵਾਤਾਵਰਨ ਉੱਤੇ ਧੂੰਏਂ ਅਤੇ ਸ਼ੋਰ ਪ੍ਰਦੂਸ਼ਣ ਦੇ ਨਾਲ ਪੈਂਦੇ ਬੁਰੇ ਪ੍ਰਭਾਵਾਂ ਤੋਂ ਬਚਿਆ ਜਾ ਸਕੇ। ਇਸ ਮਨੋਰਥ ਨੂੰ ਪੂਰਾ ਕਰਨ ਲਈ ਓਹਨਾਂ ਨੇ ਸਾਰੇ ਸਕੂਲ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਪੌਦੇ ਭੇਟ ਕੀਤੇ ਅਤੇ ਇਹ ਆਖਿਆ ਕਿ ਇਸ ਵਾਰ ਵੰਨ ਸੁਵੰਨੇ ਬੂਟੇ ਅਤੇ ਪੌਦੇ ਲਗਾ ਕੇ ਗਰੀਨ ਦੀਵਾਲੀ ਮਨਾਈ ਜਾਵੇ। ਸਮਾਗਮ ਦੇ ਅੰਤ ਵਿੱਚ ਸਕੂਲ ਇੰਚਾਰਜ ਮੈਡਮ ਮੁਨੱਜ਼ਾ ਇਰਸ਼ਾਦ, ਈ ਟੀ ਟੀ ਅਧਿਆਪਕਾ ਨੇ ਸਮੁੱਚੇ ਇੰਨਰਵੀਲਜ਼ ਕਲੱਬ ਕਪੂਰਥਲਾ ਦਾ ਧੰਨਵਾਦ ਕੀਤਾ। ਇਸ ਸਮੇਂ ਸੈਂਟਰ ਹੈਡ ਟੀਚਰ ਸ਼੍ਰੀਮਤੀ ਸਰਬਜੀਤ ਕੌਰ ਅਤੇ ਸਕੂਲ ਅਧਿਆਪਕ ਸ਼੍ਰੀਮਤੀ ਮੋਨਿਕਾ ਚੌਧਰੀ ਤੇ ਸ਼੍ਰੀ ਸੰਦੀਪ ਕੁਮਾਰ ਹਾਜ਼ਿਰ ਸਨ। ਇਸ ਵਿਸ਼ੇਸ਼ ਪ੍ਰੋਗਰਾਮ ਵਿੱਚ ਇੰਨਰਵਹੀਲਜ਼ ਕਲੱਬ ਕਪੂਰਥਲਾ ਤੋਂ ਸ਼੍ਰੀਮਤੀ ਸੋਨਿਕਾ ਗੁਪਤਾ ਡੀ.ਐੱਸ.ਈ.ਓ, ਤੇ ਸ਼੍ਰੀਮਤੀ ਕੋਮਲ ਗੁਪਤਾ ਸੈਕਟਰੀ ਇੰਨਰਵੀਲਜ਼ ਕਲੱਬ ਵੀ ਹਾਜ਼ਰ ਸਨ।



# ਆਰਮੀ ਚ ਭਰਤੀ ਹੋਣ ਆਏ ਨੌਜਵਾਨਾਂ ਨੇ ਗਦਰੀ ਬਾਬਿਆਂ ਦੀ ਦੇਖੀ ਯਾਦਗਾਰ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਸੇਵਾ ਦੀ ਭਾਵਨਾ ਨਾਲ ਆਰਮੀ ਵਿੱਚ ਭਰਤੀ ਹੋਣ ਆਏ ਵੱਖ ਵੱਖ ਸਟੇਟਾਂ ਦੇ ਪੜੇ ਲਿਖੇ ਬੇਰੁਜ਼ਗਾਰ ਨੌਜਵਾਨ ਦੇਸ਼ ਭਗਤ ਯਾਦਗਾਰ ਹਾਲ ਵਿਖੇ ਗਦਰੀ ਬਾਬਿਆ ਦੀਆਂ ਕੁਰਬਾਨੀਆਂ ਦੀ ਗਾਥਾ ਦੇਖਣ ਤੇ ਸੁਣਨ ਆਏ ਇਹਨਾਂ ਨੌਜਵਾਨਾਂ ਵਿੱਚ ਮਨੀਸ਼ ਸਿਨਹਾ ਸੱਤੀਸ਼ਗੜ ,ਪ੍ਰਭਾਤ ਕੁਮਾਰ ਬਿਹਾਰ, ਦੇਵਾਸ ਦੇਹਰਾਦੂਨ, ਮਨੀਸ਼ ਚੌਧਰੀ ਯੂਪੀ, ਰਾਹੁਲ ਸ਼ਖਾਵਤ ਰਾਜਸਥਾਨ, ਸਚਿਨ ਯੂਪੀ, ਪਰਬੀਨ ਕੁਮਾਰ ਬਿਹਾਰ, ਲੰਗੀਅਮੰਗ ਹੋਕੇ ਮਨੀਪੁਰ ਸ਼ਾਮਿਲ ਸਨ। ਇਹ ਵਿਦਿਆਰਥੀ ਦੇਸ਼ ਭਗਤ ਯਾਦਗਾਰ ਹਾਲ ਵਿਖੇ ਦੇਸ਼ ਭਗਤਾਂ ਦੀ ਕੁਰਬਾਨੀ ਨੂੰ ਸਲਾਮ ਕਰਨ ਲਈ ਪੁੱਜੇ। ਦੇਸ਼ ਭਗਤ ਯਾਦਗਾਰ ਹਾਲ ਵਿਖੇ ਮਿਊਜ਼ੀਅਮ ਚ ਲੱਗੀਆਂ ਗਦਰੀ ਬਾਬਿਆਂ ਤੇ ਹੋਰ ਸ਼ਹੀਦਾਂ ਦੀਆਂ ਫੋਟੋਆਂ ਦੇਖ ਕੇ ਇਹਨਾਂ ਨੌਜਵਾਨਾਂ ਵਿੱਚ ਦੇਸ਼ ਸੇਵਾ ਦੀ ਭਾਵਨਾ ਹੋਰ ਪੱਕੀ ਹੋਈ। ਵੱਖ ਵੱਖ ਸਟੇਟਾਂ ਦੇ ਇਹਨਾਂ ਨੌਜਵਾਨਾਂ ਨੇ ਆਪਣੇ ਆਪਣੇ ਸੂਬਿਆਂ ਦੇ ਸ਼ਹੀਦ ਗਦਰੀ ਬਾਬਿਆਂ ਦੀਆਂ ਸ਼ਹੀਦੀਆਂ ਦੇਖ ਕੇ ਜਾਣਕਾਰੀ ਪ੍ਰਾਪਤ ਕੀਤੀ ਕਿ ਉਹਨਾਂ ਦੀਆਂ ਸਟੇਟਾਂ ਦੇ ਕਿਹੜੇ ਕਿਹੜੇ ਸ਼ਹੀਦ ਦੇਸ਼ ਦੀ ਆਜ਼ਾਦੀ ਵਿੱਚ ਸ਼ਹੀਦ ਹੋਏ ਹਨ। ਇਹਨਾਂ ਨੌਜਵਾਨਾਂ ਨੂੰ ਦੇਸ਼ ਭਗਤ ਯਾਦਗਾਰ ਹਾਲ ਤੇ ਟਰੱਸਟੀ ਅਤੇ ਸਾਬਕਾ ਸਕੱਤਰ ਗੁਰਮੀਤ ਨੇ ਗਦਰੀ ਬਾਬਿਆਂ ਦੀਆ ਸ਼ਹੀਦੀਆਂ ਤੇ ਹੋਰ ਬਲਖਣ ਜਾਣਕਾਰੀ ਦਿੱਤੀ। 30-31 ਅਕਤੂਬਰ ਤੇ ਪਹਿਲੀ ਨਵੰਬਰ ਨੂੰ ਹੋਣ ਵਾਲੇ ਸੰਗਰਾਮਣ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਮੇਲੇ ਸਬੰਧੀ ਵੀ ਇਹਨਾਂ ਨੌਜਵਾਨਾਂ ਨੂੰ ਜਾਣਕਾਰੀ ਦਿੱਤੀ।



# ਸਿਹਤ ਵਿਭਾਗ ਨੇ ਰਾਏਕੋਟ 'ਚ ਕੀਤੀਆਂ ਮਠਿਆਈਆਂ ਤੇ ਫਰੂਟਾਂ ਦੀਆਂ ਦੁਕਾਨਾਂ ਦੀ ਚੈਕਿੰਗ

**(ਸਾਫ ਸਫਾਈ ਤੇ ਸਾਫ ਸੁਥਰੀ ਮਠਿਆਈ ਬਣਾਉਣ ਦੀ ਕੀਤੀ ਹਦਾਇਤ)**

**ਰਾਏਕੋਟ, ਅਕਤੂਬਰ (ਗੁਰਭਿੰਦਰ ਗੁਰੀ )** ਦਿਵਾਲੀ ਤੇ ਹੋਰਨਾਂ ਤਿਓਹਾਰਾਂ ਨੂੰ ਲੈਕੇ ਬਹੁਤ ਦੁਕਾਨਦਾਰਾਂ ਵੱਲੋਂ ਨਕਲੀ ਮਠਿਆਈਆਂ ਬਣਾਈਆਂ ਜਾਂਦੀਆਂ ਹਨ ਜਿਸਨੂੰ ਲੈਕੇ ਅੱਜ ਸਿਵਲ ਸਰਜਨ ਲੁਧਿਆਣਾ ਡਾਕਟਰ ਰਮਨਦੀਪ ਕੌਰ ਆਹਲੂਵਾਲੀਆ ਤੇ ਸੀਨੀਅਰ ਮੈਡੀਕਲ ਅਫਸਰ ਰਾਏਕੋਟ ਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ ਅਤੇ ਹੈੱਲਥ ਇੰਸਪੈਕਟਰ ਅਮਨਦੀਪ ਸਿੰਘ ਦੀ ਅਗਵਾਈ ਹੇਠ ਸਥਾਨਕ ਸ਼ਹਿਰ ਦੀਆਂ ਵੱਖ ਵੱਖ ਮਠਿਆਈ ਵਾਲੀਆਂ ਦੁਕਾਨਾਂ, ਫਲ ਫਰੂਟ ਦੀਆਂ ਦੁਕਾਨਾਂ ਤੇ ਰੇਹੜੀਆਂ ਤੇ ਲੱਗੇ ਫਲ ਫਰੂਟਾਂ ਦੀ ਵਿਸ਼ੇਸ਼ ਤੌਰ ਤੇ ਚੈਕਿੰਗ ਕੀਤੀ ਗਈ ਤੇ ਇਸ ਦੌਰਾਨ ਹੈੱਲਥ ਇੰਸਪੈਕਟਰ ਅਮਨਦੀਪ ਸਿੰਘ ਵੱਲੋਂ ਦੁਕਾਨਦਾਰਾਂ ਨੂੰ ਸਾਫ਼ ਸੁਥਰੀ ਮਠਿਆਈਆਂ ਬਣਾਉਂਣ ਤੇ ਵੇਚਣ ਸਬੰਧੀ ਤੇ ਉਹਨਾਂ ਵੱਲੋਂ ਨਕਲੀ ਪਨੀਰ ਜਾਂ ਹੋਰ ਕਿਸੇ ਕੈਮੀਕਲ ਦੀ ਵਰਤੋਂ ਨਾ ਕੀਤੇ ਜਾਣ ਸਬੰਧੀ ਵੀ ਹਦਾਇਤ ਕੀਤੀ ਗਈ। ਇਸ ਤੋਂ ਇਲਾਵਾ ਫਲ ਫਰੂਟ ਦੀਆਂ ਦੁਕਾਨਾਂ ਤੇ ਰੇਹੜੀਆਂ ਵਾਲਿਆਂ ਨੂੰ ਵੀ ਗਲ ਚੁੱਕੇ ਫਰੂਟਾਂ ਨੂੰ ਸੁੱਟ ਦੇਣ ਤੇ ਸਾਫ ਸੁਥਰਾ ਫਰੂਟ ਵੇਚਣ ਲਈ ਕਿਹਾ ਗਿਆ। ਇਸ ਮੌਕੇ ਰਜਾਕ ਅਹਿਮਦ, ਬੂਟਾ ਸਿੰਘ ਮ.ਪ.ਹ.ਵ, ਮੋਹਨ ਸਿੰਘ ਤੇ ਮਨਿੰਦਰ ਸਿੰਘ ਆਦਿ ਹਾਜ਼ਰ ਸਨ।






# ਕੇਂਦਰ ਸਰਕਾਰ ਦੇਸ਼ ਵਿੱਚ ਮੁੜ ਮਨੂੰਵਾਦੀ ਵਿਵਸਥਾ ਲਾਗੂ ਕਰਨਾ ਚਾਹੁੰਦੀ ਹੈ - ਪੈਂਥਰ, ਬੀਕਾ ਅਤੇ ਲੱਧੜ

**ਕਪੂਰਥਲਾ, (ਕੌੜਾ)-** ਦਲਿਤ ਲੋਕ ਹਜਾਰਾਂ ਸਾਲਾਂ ਤੋਂ ਜਾਤ-ਪਾਤ ਦੀ ਚੱਕੀ ਵਿੱਚ ਪਿਸਦੇ ਆ ਰਹੇ ਹਨ। ਆਜ਼ਾਦੀ ਤੋਂ ਪਹਿਲਾਂ ਉਨ੍ਹਾਂ ਨੂੰ ਸਾਰੇ ਮਾਨਵੀ ਅਧਿਕਾਰਾਂ ਤੋਂ ਵੰਚਿਤ ਕੀਤਾ ਹੋਇਆ ਸੀ। ਉਨ੍ਹਾਂ ਨਾਲ ਜਾਨਵਰਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ। ਭਾਰਤੀ ਸੰਵਿਧਾਨ ਦੇ ਲਾਗੂ ਹੋਇਆ 75 ਸਾਲ ਹੋ ਗਏ ਹਨ ।ਪਰ ਦੇਸ਼ ਅੰਦਰ ਦਲਿਤ ਸਮਾਜ ਦੇ ਲੋਕ ਅੱਜ ਵੀ ਇਹ ਪੀੜਾਂ ਆਪਣੇ ਪਿੰਡੇ 'ਤੇ ਹੰਢਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਮਾਜ ਸੇਵਕ ਅਤੇ ਮਿਸ਼ਨਰੀ ਧਰਮ ਪਾਲ ਪੈਂਥਰ, ਅੰਬੇਡਕਰੀ ਸਾਥੀ ਹਰਜਿੰਦਰ ਸਿੰਘ ਬੀਕਾ ਅਤੇ ਭਗਤ ਰਾਮ ਲੱਧੜ ਅਮਰੀਕਾ ਨਿਵਾਸੀਆਂ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਕਿਹਾ ਕਿ ਦੇਸ਼ ਵਿੱਚ ਦਲਿਤਾਂ ਨਾਲ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ। ਕਦੇ ਮੱਧ ਪ੍ਰਦੇਸ਼ ਵਿੱਚ ਬ੍ਰਾਹਮਣ ਭਾਈਚਾਰੇ ਵੱਲੋਂ ਪੁਰਸ਼ੋਤਮ ਕੁਸ਼ਵਾਹਾ ਤੋਂ ਅਨੁਜ ਪਾਂਡੇ ਦੇ ਪੈਰ ਧੁਆ ਕੇ ਉਹੀ ਗੰਦਾ ਪਾਣੀ ਪੀਣ ਲਈ ਮਜਬੂਰ ਕੀਤਾ ਗਿਆ। ਉਸ ਤੋਂ ਇਹ ਵੀ ਅਖਵਾਇਆ ਗਿਆ ਕਿ ਉਹ ਜ਼ਿੰਦਗੀ ਭਰ ਬ੍ਰਾਹਮਣਾਂ ਦੀ ਪੂਜਾ ਕਰੇਗਾ,







ਉਸ ਨੂੰ ਜੁਰਮਾਨਾ ਵੀ ਲਾਇਆ ਗਿਆ। ਇਸੇ ਤਰ੍ਹਾਂ ਹਰਿਆਣਾ ਰਾਜ ਵਿੱਚ ਇੱਕ ਆਈ ਪੀ ਐਸ ਵਾਈ ਪੂਰਨ ਕੁਮਾਰ ਜੋ ਆਈ ਜੀ ਰੈਂਕ ਦੇ ਏਨੇ ਵੱਡੇ ਸੀਨੀਅਰ ਅਹੁਦੇ ਬਿਰਾਜਮਾਨ ਸਨ ਉਨ੍ਹਾਂ ਨਾਲ ਪੰਜ ਸਾਲਾਂ ਤੋਂ ਵਾਰ ਵਾਰ ਜਾਤੀਗਤ ਵਿਤਕਰਾ ਕੀਤਾ ਗਿਆ। ਮਨੂੰਵਾਦੀ ਉੱਚ ਅਧਿਕਾਰੀਆਂ ਨੇ ਸ਼੍ਰੀ ਪੂਰਨ ਕੁਮਾਰ ਨੂੰ ਮਾਨਸਿਕ ਤੌਰ ਤੇ ਐਨਾ ਜਿਆਦਾ ਮਜ਼ਬੂਰ ਕਰ ਦਿੱਤਾ ਗਿਆ ਕਿ ਉਸ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣਾ ਪੈ ਗਿਆ। ਅਗਰ ਇੱਕ ਆਈ ਪੀ ਐਸ ਅਧਿਕਾਰੀ ਨਾਲ ਐਨਾ ਜਾਤੀ ਵਿਤਕਰਾ ਹੋ ਰਿਹਾ ਹੈ । ਉੱਥੇ ਇੱਕ ਸਧਾਰਨ ਨੌਕਰੀ ਪੇਸ਼ਾ ਕਰਨ ਵਾਲੇ ਆਮ ਇਨਸਾਨ ਨਾਲ ਕਿਹੋ ਜਿਹਾ ਸਲੂਕ ਹੁੰਦਾ ਹੋਵ-ੇਗਾ। ਇਸ ਘਟਨਾ ਤੋਂ ਭਲੀਭਾਂਤ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਪੈਂਥਰ, ਬੀਕਾ ਅਤੇ ਲੱਧੜ ਸਾਂਝੇ ਤੌਰ ਤੇ ਕਿਹਾ ਕਿ ਹਰਿਆਣਾ ਦੀ ਭਾਜਪਾ ਅਤੇ ਕੇਂਦਰ ਸਰਕਾਰ ਦੇਸ਼ ਵਿੱਚ ਮੁੜ ਮਨੂੰਵਾਦੀ ਵਿਵਸਥਾ ਲਾਗੂ ਕਰਨਾ ਚਾਹੁੰਦੀ ਹੈ। ਸਮੂਹ ਸਾਥੀਆਂ ਨੇ ਇਸ ਘਟਨਾ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਖੁਦਕੁਸ਼ੀ ਨੋਟ ਵਿੱਚ ਦਰਜ ਨਾਮਾਂ ਵਾਲੇ ਅਧਿਕਾਰੀਆਂ ਨੂੰ ਤੁਰੰਤ ਨੌਕਰੀ ਤੋਂ ਬਰਖਾਸਤ ਕਰਕੇ ਸਖ਼ਤ ਤੋਂ ਸਖਤ ਸਜ਼ਾ ਦਿੱਤੀ ਜਾਵੇ ਤਾਂ ਕਿ ਦੁਬਾਰਾ ਅਜਿਹੀ ਘਟਨਾ ਨਾ ਵਾਪਰੇ।

# ਹਰਿਆਣਾ ਅਤੇ ਪੰਜਾਬ ਸਰਕਾਰਾਂ ਅਨੁਸੂਚਿਤ ਜਾਤੀਆਂ ਤੇ ਝੂਠੇ ਕੇਸ ਬਣਾ ਰਹੀਆਂ ਹਨ : ਐਡ. ਬਲਵਿੰਦਰ ਕੁਮਾਰ

## ਹਰਿਆਣਾ ਦੀ ਤਰ੍ਹਾਂ ਪੰਜਾਬ 'ਚ ਵੀ ਦਲਿਤਾਂ ਖਿਲਾਫ ਹੋ ਰਹੇ ਸਰਕਾਰੀ ਅੱਤਿਆਚਾਰ



**ਜਲੰਧਰ( ਚਰਨਜੀਤ ਸੱਲ੍ਹਾਂ )** ਹਰਿਆਣਾ ਵਿੱਚ ਪੁਲਿਸ ਅਫਸਰ ਵਾਈ ਪੂਰਨ ਕੁਮਾਰ ਆਤਮਹੱਤਿਆ ਕੇਸ ਨੇ ਬਾਕੀ ਤਬਕਿਆਂ ਦੇ ਨਾਲ-ਨਾਲ ਖਾਸ ਕਰਕੇ ਅਨੁਸੂਚਿਤ ਜਾਤੀਆਂ ਖਿਲਾਫ ਹੋਣ ਅੱਤਿਆਚਾਰਾਂ ਨੂੰ ਮੁੜ ਕੇਂਦਰ ਵਿੱਚ ਲੈ ਆਂਦਾ ਹੈ। ਇਹ ਸਿਰਫ ਹਰਿਆਣਾ ਤੱਕ ਹੀ ਸੀਮਤ ਨਹੀਂ, ਬਲਕਿ ਪੰਜਾਬ ਵਿੱਚ ਵੀ ਆਪ ਸਰਕਾਰ ਦੇ ਰਾਜ ਵਿੱਚ ਲਗਾਤਾਰ ਆਮ ਲੋਕਾਂ, ਕਿਸਾਨਾਂ ਤੇ ਖ਼ਾਸ ਕਰ ਦਲਿਤਾਂ ਖਿਲਾਫ ਸੰਸਥਾਵਾਂ ਦੀ ਦੁਰਵਰਤੋਂ ਕਰਕੇ ਅੱਤਿਆਚਾਰ ਕੀਤੇ ਜਾ ਰਹੇ ਹਨ। ਆਪ ਸਰਕਾਰ ਦੌਰਾਨ ਜਲੰਧਰ ਵਿੱਚ ਹੀ ਅਨੁਸੂਚਿਤ ਜਾਤੀਆਂ ਦੇ ਲੋਕਾਂ 'ਤੇ ਤਿੰਨ ਵਾਰ ਲਾਠੀਚਾਰਜ ਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਖ਼ਾਸ ਕਰਕੇ ਹਲਕਾ ਕਰਤਾਰਪੁਰ ਵਿੱਚ ਜਿਥੇ ਬਾਕੀ ਵਰਗਾਂ ਦੇ ਲੋਕਾਂ ਨੂੰ ਸੱਤਾਧਾਰੀ ਧਿਰ ਨੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਰਾਹੀਂ ਨਿਸ਼ਾਨਾ ਬਣਾਇਆ, ਉੱਥੇ ਖ਼ਾਸ ਕਰਕੇ ਦਲਿਤਾਂ ਖਿਲਾਫ ਵੀ ਲਗਾਤਾਰ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਉਨ੍ਹਾਂ 'ਤੇ ਝੂਠੇ ਪਰਚੇ ਪਾਏ ਗਏ, ਬਿਨਾਂ ਕਿਸੇ ਗੁਨਾਹ ਤੋਂ ਉਨ੍ਹਾਂ ਨੂੰ ਜੇਲ੍ਹ ਭੇਜਿਆ ਗਿਆ। ਸਰਪੰਚਾਂ ਨੂੰ ਨਜਾਇਜ਼ ਗ੍ਰਿਫ਼ਤਾਰ ਕੀਤਾ ਗਿਆ। ਝੂਠੇ ਪਰਚੇ ਵਿੱਚ ਜਾਂਚ ਰਾਹੀਂ ਬੇਗੁਨਾਹ ਕੀਤੇ ਗਏ ਲੋਕਾਂ ਦਾ ਚਲਾਨ ਦੇ ਦਿੱਤਾ ਗਿਆ। ਇਨ੍ਹਾਂ ਖਿਲਾਫ ਵੀ ਆਵਾਜ਼ ਬੁਲੰਦ ਹੋਣੀ ਜ਼ਰੂਰੀ ਹੈ, ਤਾਂ ਕਿ ਕਿਸੇ ਹੋਰ ਨਾਲ ਬੇਇਨਸਾਫੀ ਨਾ ਹੋ ਸਕੇ। ਇਹ ਗੱਲ ਐਡਵੋਕੇਟ ਬਲਵਿੰਦਰ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਨੇ ਅੱਜ ਸਾਡੇ ਕੋਲ ਰੱਖੀ ਹੈ।


# ਨਿੱਘੀ ਦੇ ਛਿੰਝ ਮੇਲੇ 'ਚ ਚੋਟੀ ਦੇ ਪਹਿਲਵਾਨਾਂ ਨੇ ਦਿਖਾਏ ਤਾਕਤ ਦੇ ਜੌਹਰ

## "ਛਿੰਝ ਮੇਲੇ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ: ਐੱਮ. ਪੀ. ਮਲਵਿੰਦਰ ਸਿੰਘ ਕੰਗ"

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪਿੰਡ ਨਿੱਘੀ ਵਿਖੇ ਬਾਬਾ ਸਿੱਧ ਚਾਨੋ ਦੀ ਯਾਦ 'ਚ ਇਤਿਹਾਸਕ ਛਿੰਝ ਮੇਲਾ ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਵਲੋਂ ਬਾਬਾ ਪਰਮਜੀਤ ਮੌਜੀ ਸਾਧ ਦੀ ਰਹਿਨੁਮਾਈ ਹੇਠ ਧੂਮ-ਧਾਮ ਨਾਲ ਕਰਵਾਇਆ ਗਿਆ। ਛਿੰਝ ਮੇਲੇ 'ਚ ਪਹੁੰਚੇ ਚੋਟੀ ਦੇ ਪਹਿਲਵਾਨਾਂ ਨੇ ਆਪਣੀ ਤਾਕਤ ਦੇ ਜੌਹਰ ਦਿਖਾ ਕੇ ਦਰਸ਼ਕਾਂ ਤੋਂ ਖ਼ੂਬ ਵਾਹ-ਵਾਹ ਖੱਟੀ। ਛਿੰਝ ਮੇਲੇ 'ਚ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ, ਗੁੱਜਰ ਵੈੱਲਫੇਅਰ ਬੋਰਡ ਪੰਜਾਬ ਦੇ ਚੇਅਰਮੈਨ ਬ੍ਰਿਗੇਡੀਅਰ ਰਾਜ ਕੁਮਾਰ, ਅਸ਼ੋਕ ਕਟਾਰੀਆ ਤੇ ਹੋਰ ਮੋਹਤਵਰਾਂ ਨੇ ਪਹਿਲਵਾਨਾਂ ਦੀਆਂ ਹੱਥ ਜੋੜੀਆਂ ਕਰਵਾਈਆਂ ਤੇ ਸ਼ਾਨਦਾਰ ਛਿੰਝ ਮੇਲਾ ਕਰਵਾਉਣ ਲਈ ਨਿੱਘੀ ਵਾਸੀਆਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਛਿੰਝ ਮੇਲੇ ਭਾਈਚਾਰਕ ਸਾਂਝ ਦਾ ਪ੍ਰਤੀਕ ਹਨ, ਐੱਮ. ਪੀ. ਕੰਗ ਨੇ ਨਿੱਘੀ ਵਾਸੀਆਂ ਨੂੰ ਸਟੇਡੀਅਮ ਨਿਰਮਾਣ ਕਾਰਜਾਂ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪਟਕੇ ਦੀ ਕੁਸ਼ਤੀ







ਪਹਿਲਵਾਨ ਅਵਨਾਇਕ ਯੂਪੀ. ਅਤੇ ਸ਼ਾਨਵੀਰ ਦਰਮਿਆਨ ਹੋਈ, ਇਸ ਫਸਵੇਂ ਮੁਕਾਬਲੇ ਵਿੱਚ ਦੋਵੇਂ ਪਹਿਲਵਾਨਾਂ ਬਰਾਬਰ ਰਹੇ, ਜਿਸ ਨੂੰ 251000 ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਗਰਾਮ ਪੰਚਾਇਤ ਤੇ ਪ੍ਰਬੰਧਕਾਂ ਵਲੋਂ ਇਲਾਕੇ ਭਰ ਤੋਂ ਪਹੁੰਚੀਆਂ ਉੱਘੀਆਂ ਸਖਸ਼ੀਅਤਾਂ ਨੂੰ ਸਨਮਾਨ ਚਿੰਨ੍ਹ ਭੇਟ ਕੀਤੇ ਗਏ। ਇਸ ਮੌਕੇ ਬੀ.ਜੇ.ਪੀ. ਦੇ ਜਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ, ਕਾਂਗਰਸ ਦੇ ਜਿਲ੍ਹਾ ਪ੍ਰਧਾਨ ਅਜੈ ਮੰਗੂਪੁਰ, ਮਾਰਕੀਟ ਕਮੇਟੀ ਦੇ ਚੇਅਰਮੈਨ ਸੇਠੀ ਉਧਨਵਾਲ, ਲਾਡੀ ਰਾਣਾ ਪ੍ਰਧਾਨ ਮਿਉਂਸੀਪਲ ਕੌਂਸਲ ਬਲਾਚੌਰ, ਐੱਮ.ਸੀ. ਅਜੇਪਾਲ ਬਿੱਟੂ ਚੌਧਰੀ, ਬਲਦੇਵ ਰਾਜ ਮੈਂਬਰ ਗੁੱਜਰ ਵੈੱਲਫੇਅਰ ਬੋਰਡ, ਸੰਦੀਪ ਸੋਨੂੰ ਭਾਟੀਆ, ਜਸਵਿੰਦਰ ਵਿੱਕੀ ਕਾਠਗੜ੍ਹ, ਮਾ: ਰਵਿੰਦਰ ਸੂਰਾਪੁਰੀ, ਸਰਪੰਚ ਲੇਖ ਰਾਜ ਬਾਲੇਵਾਲ, ਸਾਬਕਾ ਸਰਪੰਚ ਰੋਸ਼ਨ ਲਾਲ ਟੇਡੇਵਾਲ, ਬਲਬੀਰ ਸਰਪੰਚ, ਗੁਰਮੁੱਖ ਸਿੰਘ ਸਰਪੰਚ, ਮੋਹਿੰਦਰ ਚੇਚੀ ਮਿਲਕ ਡੈਅਰੀ, ਦਿਲਬਾਗ ਰਾਏ ਠੇਕੇਦਾਰ, ਰਾਮਦਾਸ ਚੇਚੀ ਵਾਈਸ ਚੇਅਰਮੈਨ, ਕਾਬਲ ਸਿੰਘ ਚੇਚੀ, ਨੰਬਰਦਾਰ ਸੰਦੀਪ ਚੇਚੀ, ਪਵਨ ਠੇਕੇਦਾਰ, ਜਸਪਾਲ ਸਿੰਘ ਚੇਚੀ ਰਿਟਾ: ਰੇਂਜ ਅਫ਼ਸਰ, ਸ਼ਿੰਦਰ ਠੇਕੇਦਾਰ, ਰਤਨ ਮੀਲੂ, ਸਰਬਣ ਮੀਲੂ ਸਾਬਕਾ ਸਰਪੰਚ, ਦੀਪਾ ਕਟਾਰੀਆ ਸਾਬਕਾ ਸਰਪੰਚ,ਰਵੀ ਇੰਦਰ ਸਿੰਘ ਬਾਗੋਵਾਲ, ਠੇਕੇਦਾਰ ਧਰਮਵੀਰ ਬਾਗੋਵਾਲ, ਸਰਪੰਚ ਗੁਰਸ਼ਕਤੀ ਬਾਗੜੀ ਮੋਹਨਮਾਜਰਾ, ਸਰਪੰਚ ਰਵਿੰਦਰ ਖਟਾਣਾ ਮਲੇਵਾਲ, ਕੁਮੈਂਟਟਰ ਬਿੱਟੂ ਹੱਕਲਾ, ਬਲਵੀਰ ਬੀਰਾ ਰੈਲਮਾਜਰਾ, ਅਮਨਦੀਪ ਸਿੰਘ ਚੇਚੀ, ਇਕਬਾਲ ਸਿੰਘ ਕਟਾਰੀਆ, ਮਦਨ ਸਿੰਘ, ਰੂਪ ਲਾਲ ਚੇਚੀ, ਰਵਿੰਦਰ ਸੋਨੂੰ ਪੰਚ, ਸੇਠੀ ਚੇਚੀ, ਸਚਿਨ ਮੀਲੂ, ਕਮਲਜੀਤ ਚੇਚੀ, ਬਲਬੀਰ ਚੇਚੀ ਬੀ.ਐਸ.ਐਫ., ਤੀਰਥ ਰਾਮ ਕਟਾਰੀਆ, ਚਰਨਜੀਤ ਕਟਾਰੀਆ ਠੇਕੇਦਾਰ, ਪਰਮਜੀਤ ਧੀਮਾਨ, ਰਾਮ ਕੁਮਾਰ ਧੀਮਾਨ, ਮਹਿੰਦਰਪਾਲ ਇੰਸਪੈਕਟਰ, ਸੰਗਰਾਮ ਚੌਧਰੀ, ਭਿੰਦੀ ਚੇਚੀ, ਗਿਆਨ ਮਾਸਟਰ, ਬਲਦੇਵ ਫੌਜੀ, ਰਾਜ ਕੁਮਾਰ ਚੇਚੀ, ਮੋਹਨ ਲਾਲ ਸਰਪੰਚ, ਵਿਜੇ ਚੇਚੀ ਬੀ.ਐਸ.ਐਫ., ਪੰਕਜ ਚੇਚੀ, ਚੀਨੂ ਚੇਚੀ, ਸ਼ਾਮ ਲਾਲ ਦੇਦੜ, ਰੋਸ਼ਨ ਦੇਦੜ, ਦੇਸ ਰਾਜ, ਵਿਕੀ ਸਮੇਤ ਕੰਢੀ, ਦੂਣ ਦੁਆਬਾ ਸਮੇਤ ਦੂਰ-ਦੁਰਾਡੇ ਤੋਂ ਹਜ਼ਾਰਾਂ ਦੀ ਗਿਣਤੀ 'ਚ ਦਰਸ਼ਕ ਹਾਜ਼ਰ ਸਨ।

# ਖਬਰਾਂ ਵਿੱਚ ਝੀਂਡਾ ਦੇ ਪ੍ਰਧਾਨ ਬਣੇ ਰਹਿਣ ਬਾਰੇ ਬਿਆਨਬਾਜ਼ੀ ਗੁੰਮਰਾਹਕੁੰਨ - ਜਥੇਦਾਰ ਤਲਾਕੌਰ

**ਸਾਡਾ ਗਰੁੱਪ ਅੱਜ ਵੀ ਜਗਦੀਸ਼ ਸਿੰਘ ਝੀਂਡਾ ਨੂੰ ਨਹੀਂ ਮੰਨਦਾ ਪ੍ਰਧਾਨ**

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 17 ਮੈਂਬਰ ਸਾਹਿਬਾਨਾਂ ਵੱਲੋਂ ਕਮੇਟੀ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੂੰ ਜਰਨਲ ਹਾਊਸ ਬੁਲਾ ਕੇ ਆਪਣਾ ਬਹੁਮਤ ਸਾਬਤ ਕਰਨ ਲਈ ਦਿੱਤਾ ਗਿਆ ਨੋਟਿਸ ਅੱਜ ਵੀ ਬਰਕਰਾਰ ਹੈ । ਕੱਲ੍ਹ ਦੇ ਅਖਬਾਰਾਂ ਵਿੱਚ ਝੀਂਡਾ ਦੇ ਪ੍ਰਧਾਨ ਬਣੇ ਰਹਿਣ ਬਾਰੇ ਛਪੀ ਬਿਆਨਬਾਜ਼ੀ ਗੁੰਮਰਾਹਕੁੰਨ ਹੈ ਜਿਸ ਵਿੱਚ ਕਿਹਾ ਗਿਆ ਕਿ ਪਿਛਲੇ ਦਿਨਾਂ ਤੋਂ ਦੋਨਾਂ ਧਿਰਾਂ ਵਿਚਕਾਰ ਚੱਲ ਰਿਹਾ ਮੱਤਭੇਦ ਖਤਮ ਹੋ ਕੇ ਸਮਝੌਤਾ ਹੋ ਗਿਆ ਹੈ ਤੇ ਝੀਂਡਾ ਪ੍ਰਧਾਨ ਬਣੇ ਰਹਿਣ-ਗੇ ਜਦੋਂ ਕਿ ਸਮਝੌਤਾ ਪਹਿਲਾਂ ਤੋਂ ਨਰਾਜ ਚੱਲ ਰਹੀ ਤੀਜੀ ਧਿਰ ਅਕਾਲੀ ਦਲ ਬਾਦਲ ਗਰੁੱਪ ਅਤੇ ਕੁੱਝ ਅਜਾਦ ਮੈਂਬਰਾਂ ਦੇ ਗਰੁੱਪ ਨਾਲ ਹੋਇਆ ਹੈ ਜੋ ਝੀਂਡਾ ਦੇ ਪ੍ਰਧਾਨ ਬਨਣ ਵੇਲੇ ਜਰਨਲ ਹਾਊਸ ਦਾ ਬਾਈਕਾਟ



ਕਰਕੇ ਬਾਹਰ ਚਲੇ ਗਏ ਸਨ ਅਤੇ ਚੋਣ ਕਮਿਸ਼ਨਰ ਕੋਲ ਝੀਂਡਾ ਦੀ ਪ੍ਰਧਾਨਗੀ ਰੱਦ ਕਰਨ ਵਾਸਤੇ ਕੇਸ ਦਾਇਰ ਕੀਤਾ ਹੋਇਆ ਹੈ । ਇਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਕਿਸਾਨ ਆਗੂ ਜਥੇਦਾਰ ਗੁਰਬੀਰ ਸਿੰਘ ਤਲਾਕੌਰ ਮੀਤ ਪ੍ਰਧਾਨ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਿਖਤੀ ਤੌਰ ਤੇ ਮੀਡੀਆ ਨੂੰ ਪ੍ਰੈਸ ਨੋਟ ਜਾਰੀ ਕਰਦਿਆਂ ਕੀਤਾ । ਮੀਤ ਪ੍ਰਧਾਨ ਤਲਾਕੌਰ ਨੇ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਅਤੇ ਅਕਾਲੀ ਦਲ ਬਾਦਲ ਗਰੁੱਪ ਨੂੰ ਗੱਠਜੋੜ ਕਰਨ ਦੀ ਮੁਬਾਰਕਬਾਦ ਹੈ ਪਰ ਸਾਡੇ ਵੱਲੋਂ ਦਿੱਤਾ ਗਿਆ ਨੋਟਿਸ ਅੱਜ ਵੀ ਬਰਕਰਾਰ ਹੈ ਅਤੇ ਜਗਦੀਸ਼ ਸਿੰਘ ਝੀਂਡਾ ਸਾਡੇ ਗਰੁੱਪ ਵੱਲੋਂ ਦਿੱਤੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਕੇ ਨਵੇਂ ਗੱਠਜੋੜ ਨਾਲ ਜਰਨਲ ਹਾਊਸ ਬੁਲਾ ਕੇ ਪ੍ਰਧਾਨ ਬਣ ਜਾਵੇ ਸਾਨੂੰ ਕੋਈ ਇਤਰਾਜ਼ ਨਹੀਂ ਹੈ ਕਿਉਂਕਿ 49 ਦੇ ਹਾਊਸ ਵਿੱਚੋਂ 29 ਮੈਂਬਰ ਸਹਿਬਾਨ ਨੇ ਪ੍ਰਧਾਨਗੀ ਦਿੱਤੀ ਸੀ ਜਿਸ ਵਿੱਚੋਂ ਹੁਣ ਸਿਰਫ਼ 10 ਝੀਂਡਾ ਦੇ ਨਾਲ ਹਨ ਬਾਕੀ ਨੇ ਆਪਣਾ ਸਮਰਥਨ ਝੀਂਡਾ ਤੋਂ ਵਾਪਸ ਲੈ ਲਿਆ ਹੈ ਪਰ ਗੁਰਦੁਆਰਾ ਐਕਟ 2014 ਦੇ ਖਿਲਾਫ ਜਾ ਕੇ ਆਪਹੁਦਰੀਆਂ ਕਰ ਰਹੇ ਜਗਦੀਸ਼ ਸਿੰਘ ਝੀਂਡਾ ਨੂੰ ਸਾਡਾ ਗਰੁੱਪ ਅੱਜ ਵੀ ਪ੍ਰਧਾਨ ਨਹੀਂ ਮੰਨਦਾ ਹੈ। ਉਹਨਾਂ ਕਿਹਾ ਕਿ ਜਗਦੀਸ਼ ਸਿੰਘ ਝੀਂਡਾ ਨੂੰ ਚਾਹੀਦਾ ਹੈ ਕਿ ਉਹ ਅਸਤੀਫ਼ਾ ਦੇ ਕੇ ਨਵੇਂ ਗਠਜੋੜ ਦੁਆਰਾ ਬਹੁਮਤ ਹਾਸਿਲ ਕਰਕੇ ਪ੍ਰਧਾਨ ਬਣੇ।

# ਕੁਦਰਤੀ ਸੋਮਿਆਂ ਦੀ ਸੰਭਾਲ ਕਰਕੇ ਖੇਤੀ ਕਰਨਾ ਅਜੋਕੇ ਸਮੇਂ ਦੀ ਮੁੱਖ ਲੋੜ- ਸੰਤੋਸ਼ ਕਟਾਰੀਆ

**●ਵਿਧਾਇਕ ਨੇ ਜ਼ਿਲਾ ਪੱਧਰੀ ਕਿਸਾਨ ਮੇਲੇ 'ਚ ਕਿਸਾਨਾਂ ਨੂੰ ਖੇਤੀ ਤਕਨੀਕਾਂ ਅਪਨਾਉਣ ਦਾ ਦਿੱਤਾ ਸੱਦਾ ●ਕਿਹਾ ਮਾਹਰਾਂ ਵੱਲੋਂ ਸਿਫ਼ਾਰਿਸ਼ ਕੀਤੀ ਬੀਜ, ਖਾਦਾਂ ਅਤੇ ਦਵਾਈਆਂ ਦੀ ਵਰਤੋਂ ਹੀ ਕੀਤੀ ਜਾਵੇ ●ਖੇਤੀਬਾੜੀ ਵਿਭਾਗ, ਸਹਿਯੋਗੀ ਮਹਿਕਮਿਆਂ ਅਤੇ ਸੈਲਫ ਹੈਲਪ ਗੁਰੱਪਾਂ ਨੇ ਲਾਈਆਂ ਪ੍ਰਦਰਸ਼ਨੀਆਂ ●ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਵਾਲੀਆਂ 2716 ਮਸ਼ੀਨਾਂ 'ਤੇ ਸਬਸਿਡੀ ਮੁਹੱਈਆ ਕਰਵਾਈ : ਮੁੱਖ ਖੇਤੀਬਾੜੀ ਅਫਸਰ**

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ ਬਾਰੇ ਤਕਨੀਕੀ ਜਾਣਕਾਰੀ ਦੇਣ ਲਈ ਅੱਜ ਨੇੜਲੇ ਪਿੰਡ ਕਰਾਵਰ ਵਿਖੇ ਲਾਏ ਗਏ ਜ਼ਿਲ੍ਹਾ ਪੱਧਰੀ ਕਿਸਾਨ ਮੇਲੇ ਮੌਕੇ ਵਿਧਾਇਕ ਸੰਤੋਸ਼ ਕਟਾਰੀਆ ਨੇ ਕੁਦਰਤੀ ਸੋਮਿਆਂ ਦੀ ਸੁਚੱਜੀ ਵਰਤੋਂ ਅਤੇ ਸਾਂਭ ਨੂੰ ਯਕੀਨੀ ਬਣਾਕੇ ਖੇਤੀ ਕਰਨਾ ਅਜੋਕੇ ਸਮੇਂ ਦੀ ਮੁੱਖ ਮੰਗ ਹੈ। ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ ਕਿ ਵੱਖ-ਵੱਖ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਕਿਸਾਨਾਂ ਦੀ ਵਿਭਾਗ ਤੱਕ ਸੁਖਾਲੀ ਪਹੁੰਚ ਬੇਹੱਦ ਜ਼ਰੂਰੀ ਹੈ ਤਾਂ ਜੋ ਉਨ੍ਹਾਂ ਨੂੰ ਨਾਲ ਦੀ ਨਾਲ ਲੋੜੀਂਦੀਆਂ ਜਾਣਕਾਰੀਆਂ ਹਾਸਲ ਹੋ ਸਕਣ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਖੇਤੀਬਾੜੀ ਵਿਭਾਗ ਦੇ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੇ ਬੀਜ,ਖਾਦ ਅਤੇ ਦਵਾਈਆਂ ਦੀ ਹੀ ਵਰਤੋਂ ਕੀਤੀ ਜਾਵੇ॥ ਉਨ੍ਹਾਂ ਕਿਹਾ ਕਿ ਸਰਕਾਰ ਦੀ ਸਕੀਮ 'ਪਾਣੀ ਬਚਾਓ ਪੈਸਾ ਬਚਾਓ' ਤਹਿਤ ਵੱਧ ਤੋਂ ਵੱਧ ਕਿਸਾਨ ਧਰਤੀ ਹੇਠਲਾ ਪਾਣੀ ਬਚਾਉਣ ਨਾਲ ਚੰਗਾ ਮੁਨਾਫਾ ਵੀ ਕਮਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹਾੜ੍ਹੀ ਸੀਜ਼ਨ ਦੀਆਂ ਫਸਲਾਂ ਲਈ ਮਿਆਰੀ ਬੀਜਾਂ ਦੀਆ ਵੱਖ-ਵੱਖ ਕਿਸਮਾਂ ਦਾ ਕਿਸਾਨਾਂ ਲਈ ਪ੍ਰਬੰਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮਿਆਰੀ ਕਿਸਮ ਦੇ ਬੀਜ/ਖਾਦਾਂ/ਕੀੜੇਮਾਰ ਦਵਾਈਆਂ ਮੁਹੱਈਆ ਕਰਵਾਉਣ ਲਈ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਬਿਲ ਚੈਕਿੰਗ ਮੁਹਿੰਮ ਵੀ ਚਲਾਈ ਜਾਵੇਗੀ। ਉਨ੍ਹਾਂ ਵਲੋਂ ਖੇਤੀਬਾੜੀ ਵਿਭਾਗ ਅਤੇ ਸਹਿਯੋਗੀ ਮਹਿਕਮਿਆਂ ਅਤੇ ਸੈਲਫ ਹੈਲਪ ਗੁਰੱਪਾਂ ਵਲੋਂ ਲਾਈਆਂ ਪ੍ਰਦਰਸ਼ਨੀਆਂ ਵੀ ਦੇਖੀਆਂ ਗਈਆਂ । ਐੱਸ.ਡੀ.ਐੱਮ. ਕ੍ਰਿਤਿਕਾ ਗੋਇਲ ਨੇ ਮੇਲੇ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰੀ ਲਗਵਾਈ ਅਤੇ ਕਿਸਾਨ ਮੇਲੇ ਵਿੱਚ ਲਗਾਈਆਂ ਗਈਆਂ ਪ੍ਰਦਰਸ਼ਨੀਆਂ ਦੇਖਦਿਆਂ ਕਿਸਾਨਾਂ ਅਤੇ ਆਏ ਲੋਕਾਂ ਨਾਲ ਗੱਲਬਾਤ ਵੀ ਕੀਤੀ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ.ਰਾਕੇਸ਼ ਕੁਮਾਰ ਸ਼ਰਮਾ ਨੇ ਜ਼ਿਲੇ ਭਰ ਤੋਂ ਆਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਹਾੜੀ ਸੀਜਨ 2025-26 ਦੌਰਾਨ ਝੋਨੇ ਹੇਠ 62000 ਹੈਕ., ਮੱਕੀ ਹੇਠ 85,00 ਹੈਕ., ਗੰਨੇ ਹੇਠ 6000 ਹੈਕ., ਦਾਲਾਂ ਹੇਠ 220 ਹੈਕ. ਰਕਬਾ ਲਿਆਂਦਾ ਜਾਵੇਗਾ। ਇਸ ਤੋਂ ਮੱਕੀ ਦੀ ਪੈਦਾਵਾਰ 41.2 ਮੀ.ਟਨ,





ਝੋਨੇ ਦੀ 427 ਮੀ.ਟਨ, ਗੰਨੇ ਦੀ 514 ਮੀ.ਟਨ ਅਤੇ ਦਾਲਾਂ ਦੀ 0.2 ਮੀ.ਟਨ. ਪੈਦਾਵਾਰ ਹੋਣ ਦੀ ਆਸ ਹੈ। ਉਨ੍ਹਾ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਸੀ.ਆਰ.ਐਮ ਸਕੀਮ ਅਧੀਨ ਸਾਲ 2025-26 ਦੌਰਾਨ ਵੱਖ-ਵੱਖ ਮਸ਼ੀਨਰੀ ਉਪਦਾਨ ਤੇ ਦੇਣ ਲਈ ਆਨ ਲਾਈਨ ਪੋਰਟਲ ਤੇ ਬਿਨੈ ਪੱਤਰਾਂ ਦੀ ਮੰਗ ਅਤੇ ਵਿਭਾਗ ਵੱਲੋਂ ਪ੍ਰਾਪਤ ਟੀਚੇ ਅਨੁਸਾਰ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਅਨੁਸਾਰ ਲਾਭਪਾਤਰੀਆਂ ਨੂੰ ਮਨਜ਼ੂਰੀ ਜਾਰੀ ਕੀਤੀ ਜਾ ਚੁੱਕੀ ਹੈ। ਇਸ ਸਕੀਮ ਅਧੀਨ ਵੱਖ-ਵੱਖ ਬਿਨੈਕਾਰਾਂ ਜਿਵੇਂ ਕਿ ਵਿਅਕਤੀਗਤ ਕਿਸਾਨਾਂ, ਰਜਿਸਟਰਡ ਕਿਸਾਨ ਸਮੂਹਾਂ, ਗ੍ਰਾਮ ਪੰਚਾਇਤਾਂ, ਸਹਿਕਾਰੀ ਸਭਾਵਾਂ ਅਤੇ ਕਿਸਾਨ ਉਤਪਾਦਕ ਸੰਗਠਨਾਂ (ਐਫ.ਪੀ.ਓਜ਼) ਨੂੰ ਝੋਨੇ ਦੀ ਪਰਾਲੀ ਦੀ ਸਾਂਭ ਸੰਭਾਲ ਵਾਲੀਆਂ 2716 ਮਸ਼ੀਨਾਂ ਤੇ ਸਬਸਿਡੀ ਮੁਹੱਈਆ ਕਰਵਾਈ ਗਈਆਂ ਹਨ, ਇਨ੍ਹਾਂ ਮਸ਼ੀਨਾਂ ਵਿੱਚ 136 ਬੇਲਰ, 131 ਸਟਰਾਅ ਰੇਕ, 48 ਕਰਾਪ ਰੀਪਰ, 230 ਸੂਪਰ ਐਸ.ਐਮ.ਐਸ, 66 ਹੈਪੀ ਸੀਡਰ, 1166 ਸੁਪਰ ਸੀਡਰ, 02 ਸਮਾਰਟ ਸੀਡਰ, 147 ਮਲਚਰ/ਪੈਡੀ ਸਟਰਾਅ ਚੌਪਰ, 73 ਐੱਚ ਆਰ ਐੱਮ ਬੀ ਪਲਾਓ, 85 ਸਰਫੇਸ ਸੀਡਰ, 176 ਜ਼ੀਰੋ ਟਿੱਲ ਡਰਿੱਲ, 428 ਰੋਟਾਵੇਟਰ, 28 ਟ੍ਰੈਕਟਰ ਅਤੇ ਟਰਾਲੀ ਸ਼ਾਮਲ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਕਿਸਾਨ ਪੱਖੀ ਸਕੀਮਾਂ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ ਅਤੇ ਕਿਸਾਨਾਂ ਨੂੰ ਆਪਣੀ ਬਿਜਾਈ ਕਰਨ ਤੋਂ ਪਹਿਲਾਂ ਜ਼ਿਲ੍ਹੇ ਦੇ ਖੇਤੀ ਮਾਹਿਰਾਂ ਤੋਂ ਸੇਧ ਲੈਣੀ ਚਾਹੀਦੀ ਹੈ ਤਾਂ ਜੋ ਫਸਲਾਂ ਤੋਂ ਵੱਧ ਤੋਂ ਵੱਧ ਮੁਨਾਫਾ ਲਿਆ ਜਾ ਸਕੇ। ਇੰਜ. ਚੰਦਨ ਸ਼ਰਮਾ ਨੇ ਕਿਸਾਨਾਂ ਨੂੰ ਸਬੋਧਨ ਕਰਦਿਆਂ ਦੱਸਿਆ ਕਿ ਜ਼ਿਲ੍ਹੇ ਵਿਚ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਅਤੇ ਹੋਰ ਫਸਲਾਂ ਦੀ ਰਹਿੰਦ ਖੂੰਹਦ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਜਾਗਰੁਕਤਾ ਮੁਹਿੰਮ ਚਲਾਈ ਜਾ ਰਹੀ ਹੈ। ਇਸ ਤੋਂ ਇਲਾਵਾ ਧਰਤੀ ਦੀ ਉਪਰਲੀ ਪਰਤ ਵਿਚ ਮੌਜੂਦ ਕਿਰਸਾਨੀ ਦੇ ਮਿੱਤਰ ਕੀੜੇ ਖੇਤਾਂ ਦੀ ਅੱਗ ਵਿਚ ਨਸ਼ਟ ਹੋ ਜਾਂਦੇ ਹਨ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਮੀਨ ਵਿਚ ਮੌਜੂਦ ਤੱਤ ਜਿਵੇਂ ਕਿ ਨਾਈਟਰੋਜਨ, ਫਾਸਫੋਰਸ, ਪੋਟਾਸ਼ੀਅਮ, ਸਲਫਰ ਅਤੇ ਜੈਵਿਕ ਮਾਦਾ ਨਸ਼ਟ ਹੋ ਜਾਂਦੇ ਹਨ ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ। ਇਸ ਮੇਲੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਦੇ ਮਾਹਿਰਾਂ ਦੀ ਟੀਮ ਤੋਂ ਇਲਾਵਾ ਡਾ.ਰਜੇਸ਼ ਕੁਮਾਰ ਬਾਗਬਾਨੀ ਵਿਭਾਗ, ਸਰਬਜੀਤ ਸਿੰਘ ਨਿੱਜ਼ਰ ਡਿਪਟੀ ਡਾਇਰੈਕਟਰ ਮੱਛੀ ਪਾਲਣ ਅਤੇ ਪੰਜਾਬ ਨੈਸ਼ਨਲ ਬੈਂਕ ਦੇ ਮਹਿਰਾਂ ਵਲੋਂ ਆਪਣੇ ਆਪਣੇ ਵਿਭਾਗ ਦੀਆਂ ਸਕੀਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੋਕੇ ਡਾ. ਕੁਲਵਿੰਦਰ ਕੌਰ ਏ.ਓ. ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਮੋਕੇ ਡਾ. ਰਾਜ ਕੁਮਾਰ ਏ.ਓ. (ਸਦਰ ਮੁਕਾਮ), ਡਾ.ਲਛਮਣ ਦਾਸ ਏ.ਓ. ਬੰਗਾ, ਡਾ. ਲੇਖ ਰਾਜ ਏ.ਓ. ਔੜ, ਡਾ. ਸੁਰਿੰਦਰ ਕੁਮਾਰ ਏ.ਓ., ਬਲਾਚੌਰ, ਡਾ.ਨਿਤਿਨ ਏ.ਓ. ਸੜੋਆ, ਡਾ. ਵਿਜੈ ਕੁਮਾਰ ਏ.ਡੀ.ਓ, ਇੰਜੀ:ਚੰਦਨ ਸ਼ਰਮਾ, ਅਤੇ ਡਾ. ਕਮਲਦੀਪ ਸਿੰਘ ਪ੍ਰੋਜਕੈਟ ਡਾਇਰੈਕਟਰ ਆਤਮਾ, ਡਾ.ਪਰਮਵੀਰ ਡੀਪੀਡੀ ਅਤੇ ਯੋਗੇਸ਼ ਕੁਮਾਰ ਬੱਸੀ ਹਾਜ਼ਰ ਸਨ। ਇਸ ਮੌਕੇ ਸ੍ਰੀ ਅਸ਼ੋਕ ਕਟਾਰੀਆ ਸੀਨੀਅਰ ਆਪ ਲੀਡਰ, ਸ. ਰਸ਼ਪਾਲ ਸਿੰਘ ਮੰਡੇਰ, ਸੰਤੋਖ ਸਿੰਘ ਅਵਤਾਰ ਸਿੰਘ ਸਰਪੰਚ, ਸੁਰਜੀਤ ਸਿੰਘ ਲੰਗੇਰੀ, ਗੁਰਤੇਗ ਸਿੰਘ ਹਿਆਲਾ, ਕੁਲਦੀਪ ਸਿੰਘ ਘਟਾਰੋਂ, ਗੁਰਨੇਕ ਸਿੰਘ ਚੂਹੜਪੁਰ, ਸ੍ਰੀ ਮਹਿੰਦਰਪਾਲ ਸਿੰਘ ਖਾਲਸਾ, ਸ੍ਰੀ ਉਤਮ ਸਿੰਘ ਨਾਮਧਾਰੀ ਸੀਡ ਸਟੋਰ, ਗੁਰਨਾਮ ਸਿੰਘ ਕਰਨਾਣਾ, ਬਲਵੀਰ ਸਿੰਘ ਭੌਰਾ ਆਦਿ ਹਾਜ਼ਰ ਸਨ। ਜਿਲ੍ਹੇ ਦੇ ਵੱਖ ਵੱਖ ਹਿੱਸਿਆਂ ਤੋਂ ਆਏ ਲਗਭਗ 1000 ਤੋਂ ਵੱਧ ਕਿਸਾਨ ਅਤੇ ਕਿਸਾਨ ਬੀਬੀਆਂ ਨੇ ਇਸ ਕੈਂਪ ਵਿੱਚ ਭਾਗ ਲਿਆ।

## ਨਾ ਪਾਰਟੀ ਨਾ ਹੀ ਵਿਖਾਵਾ

ਅਸੀਂ ਨਾ ਤਾਂ ਕੇਕ ਹੀ ਲਿਆਂਦਾ ਏ ,
ਨਾ ਘਰ ਵਿੱਚ ਕੁੱਝ ਬਣਾਇਆ ਹੈ ।
ਨਾ ਕੋਈ ਆਂਢ ਗੁਆਂਢੋਂ ਮਿੱਤਰ ਹੀ ,
ਅਪਣੇ ਘਰ ਵਿੱਚ ਬੁਲਾਇਆ ਹੈ ।
ਨਾ ਹੀ ਲੋਕ ਵਿਖਾਵਾ ਕਰਨ ਲਈ ,
ਕੋਈ ਫੋਟੋ ਫਾਟੋ ਹੀ ਖਿੱਚੀ ਐ ;
ਅਸੀਂ ਤਾਂ ਅਪਣੇ ਜਨਮ ਦਿਹਾੜੇ 'ਤੇ,
ਇੱਕ ਬੂਟਾ ਨਵਾਂ ਲਗਾਇਆ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਪੁੱਛੋ

ਆਸ਼ਕ ਤੇ ਬੀਮਾਰ ਨੂੰ ਪੁੱਛੋ,
ਕਿੰਨੀ ਰਾਤ ਲੰਮੇਰੀ ਹੁੰਦੀ ?
ਜਾਂ ਫਿਰ ਪਹਿਰੇਦਾਰ ਨੂੰ ਪੁੱਛੋ,
ਕਿਵੇਂ ਲੰਘਦੀ ਰਾਤ ਹਨੇਰੀ ਹੁੰਦੀ ?

ਇਕੱਲੇਪਣ ਦਾ ਅਹਿਸਾਸ ਕੀ ਹੁੰਦਾ,
ਇਹ ਸਿਰਫ਼ ਵਿਧਵਾ ਦੱਸ ਸਕਦੀ ਏ ?
ਮੰਝਧਾਰ ਵਿੱਚ ਫਸੇ ਨੂੰ ਪੁੱਛੋ,
ਕੀ ਇਹ ਘੁੰਮਣਘੇਰੀ ਹੁੰਦੀ ?

ਉਮਰਾਂ ਬੱਧੀ ਬੰਦ ਜੇਲ੍ਹ 'ਚੋਂ,
ਜਦ ਇੱਕ ਕੈਦੀ ਰਿਹਾਅ ਹੁੰਦਾ,
ਘਰ ਪੁੱਜਣ ਵਿੱਚ ਕੁਝ ਪਲਾਂ ਦੀ,
ਪੁੱਛੋ ਉਸਨੂੰ ਕੀ ਦੇਰੀ ਹੁੰਦੀ ?

ਮੈਦਾਨੇ ਜੰਗ ਵਿੱਚ ਫੱਟੜ ਹੋਇਆ,
ਚਾਰੇ ਪਾਸਿਓਂ ਘਿਰਿਆ ਹੋਇਆ,
ਫਿਰ ਵੀ ਈਨ ਨਾ ਮੰਨੇ 'ਭੁੱਲੜ'
ਏਹੋ ਅਸਲ ਦਲੇਰੀ ਹੁੰਦੀ !



**ਸੁਖਦੇਵ ਸਿੰਘ ਭੁੱਲੜ**
**9417046117**

## ਹੜ੍ਹਾ ਤੋਂ ਪ੍ਰਭਾਵਿਤ

ਪਿੰਡਾਂ ਚੋ ਮਜ਼ਦੂਰ ਸ਼ਹਿਰ ਸੀ
ਕੰਮ ਤੇ ਆਉਂਦੇ
ਲੱਕ ਲੱਕ ਪਾਣੀ ਵੇਖ ਕੇ ਸੀ ਹੁਣ
ਉਹ ਘਬਰਾਉਂਦੇ
ਰਾਸ਼ਣ ਵੰਡਣ ਵਾਲਿਆਂ ਦਾ ਇੱਕ
ਪੱਖ ਹੋ ਗਿਆ ਸੀ
ਚੌਹ ਮਹੀਨਿਆਂ ਲਈ ਮਜ਼ਦੂਰਾਂ ਦਾ
ਕੰਮ ਠੱਪ ਹੋ ਗਿਆ ਸੀ
ਗੁਰਬਿੰਦਰ ਸਿੰਘ ਸਰਦਾਰ ਜਾਂ ਫਿਰ
ਬਾਣੀਆਂ ਸਿੰਦਾ
ਨਗਦ ਭਾਲਦੇ ਰਾਸ਼ੀ, ਕੋਈ ਉਧਾਰ
ਨਹੀਂ ਦਿੰਦਾ
ਅੜੀਆ ਪੈਈਆ ਕਿਸ਼ਤਾਂ ਲੋਨ ਜੋ
ਚੱਕ ਹੋ ਗਿਆ ਸੀ
ਚੌਹ ਮਹੀਨਿਆਂ ਲਈ ਮਜ਼ਦੂਰਾਂ ਦਾ
ਕੰਮ ਠੱਪ ਹੋ ਗਿਆ ਸੀ
ਗੁਰਮੀਤ ਡੁਮਾਣੇ ਵਾਲਿਆ ਅੱਜ ਕੋਈ
ਬਾਂਹ ਨਹੀਂ ਫੜਦਾ
ਦਿਹਾੜੀਦਾਰ ਮਜ਼ਦੂਰ ਦੇਖੋ ਜੀ ਤਿਲ
ਤਿਲ ਮਰਦਾਂ
ਚੌਗਣੇ ਬੋਝ ਦੇ ਹੇਠਾਂ ਹੁਣ ਉਹ ਨੱਪ
ਹੋ ਗਿਆ ਸੀ
ਚੌਹ ਮਹੀਨਿਆਂ ਲਈ ਮਜ਼ਦੂਰਾਂ ਦਾ
ਕੰਮ ਠੱਪ ਹੋ ਗਿਆ ਸੀ

ਆਸ਼ਾ ਸੀ ਸਰਕਾਰਾਂ ਤੇ ,ਉਹ ਵੀ ਵਾਧਿਓ ਮੁਕਰੇ
ਜੋ ਲੀਡਰ ਮੰਨੇ ਲੋਕਾਂ ਉਹ ਹੋ ਗਏ ਨਾਸ਼ੁਕਰੇ
ਹਰ ਵਾਇਦਾ ਕੀਤਾ ਉਹਨਾਂ ਦਾ ਅੱਜ
ਗੱਪ ਹੋ ਗਿਆ ਸੀ
ਚੌਹ ਮਹੀਨਿਆਂ ਲਈ ਮਜ਼ਦੂਰਾਂ ਦਾ
ਕੰਮ ਠੱਪ ਹੋ ਗਿਆ ਸੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**
**76528 16074**

## "ਹਰੀ ਦੀਵਾਲੀ"

ਹਰੀ ਦੀਵਾਲੀ, ਆਓ ਮਨਾਈਏ,
ਪਟਾਕਿਆਂ ਦੀ ਥਾਂ,ਰੁੱਖ ਲਿਆਈਏ।
ਸੋਹਣੇ-ਸੋਹਣੇ,ਪਾ ਕੇ ਕੱਪੜੇ,
ਪਿਆਰੇ-ਪਿਆਰੇ ਰੁੱਖ ਲਗਾਈਏ।
ਧੂੰਆਂ ਰੋਕ, ਪਟਾਕਿਆਂ ਵਾਲਾ,
ਹਵਾ-ਪਾਣੀ, ਨੂੰ ਸ਼ੁੱਧ ਬਣਾਈਏ।
ਤਿਆਗ ਮਿਠਾਈਆਂ,ਗੰਦੀਆਂ-ਮੰਦੀਆਂ,
ਖੋਆ, ਆਪਣੇ ਘਰ ਬਣਾਈਏ ।
ਆਪਣੇ ਘਰਾਂ ਨੂੰ, ਕਰ ਸਫ਼ੈਦੀ,
ਦੀਵਿਆਂ, ਦੇ ਨਾਲ ਖ਼ੂਬ ਸਜਾਈਏ।
ਖ਼ਰੀਦ ਪਟਾਕੇ, ਮਹਿੰਗੇ-ਮਹਿੰਗੇ,
ਪੈਸਿਆਂ ਨੂੰ ਨਾ, ਅੱਗ ਲਗਾਈਏ ।
ਕਿਸੇ ਗ਼ਰੀਬ ਦੀ, ਕਰੀਏ ਸੇਵਾ,
ਮਾਇਆ ਨੂੰ, ਕੁਝ, ਲੇਖੇ ਲਾਈਏ।
ਫੂਕ ਪਰਾਲੀ, ਝੋਨੇ ਵਾਲੀ,
ਵਿੱਚ ਹਵਾ ਨਾ, ਗੰਦ ਫੈਲਾਈਏ।
ਪਟਾਕਿਆਂ ਕੋਲੋਂ, ਕਰੀਏ ਤੌਬਾ ,
ਕੁਦਰਤ ਦੇ ਨਾਲ, ਸਾਂਝਾ ਪਾਈਏ ।
'ਸੰਦੀਪ' ਦੀਵਾਲੀ ਬਣ ਜਾਣੀ ਏ ,
ਪਿਆਰ ਦਾ, ਇੱਕ-ਇੱਕ ਦੀਵਾ, ਲਾਈਏ।



**ਸੰਦੀਪ ਸਿੰਘ 'ਬਖੋਪੀਰ'**
**ਸੰਪਰਕ:-9815321017**




# ਬਲਾਕ ਬਠਿੰਡਾ ਦੀਆਂ ਪ੍ਰਾਇਮਰੀ ਖੇਡਾਂ ਵਿੱਚ ਹੈਂਡ ਬਾਲ ਮੁਕਾਬਲਿਆਂ ਵਿੱਚ ਮਾਲ ਰੋਡ ਅਤੇ ਦੇਸਰਾਜ ਸੈਂਟਰ ਦਾ ਦਬਦਬਾ



**ਬਠਿੰਡ।** ਮਨਿੰਦਰ ਕੌਰ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ), ਬਠਿੰਡਾ, ਦੇ ਦਿਸ਼ਾ ਨਿਰਦੇਸ਼ਾਂ ਅਤੇ ਲਖਵਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਦੀ ਰਹਿਨੁਮਾਈ ਹੇਠ ਅੱਜ ਸੇਂਟ ਜ਼ੇਵੀਅਰ ਸਕੂਲ, ਬਠਿੰਡਾ ਵਿਖੇ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਹੈਂਡ ਬਾਲ ਦੇ ਖੇਡ ਮੁਕਾਬਲੇ ਕਰਵਾਏ ਗਏ । ਇਸ ਖੇਡ ਵਿੱਚ ਬਲਾਕ ਦੇ ਵੱਖ-ਵੱਖ ਸੈਂਟਰਾਂ ਤੋਂ ਪ੍ਰਾਇਮਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਬਲਾਕ ਖੇਡ ਅਫ਼ਸਰ, ਭੁਪਿੰਦਰਜੀਤ ਸਿੰਘ ਬਰਾੜ ਨੇ ਇਸ ਮੌਕੇ ਜਾਣਕਾਰੀ ਦਿੰਦਿਆਂ ਦੱਸਿਆ ਬਲਾਕ ਖੇਡਾਂ ਦੀ ਦੀ ਮੇਜ਼ਬਾਨੀ ਵੀ ਸੈਂਟਰ ਕਟਾਰ ਸਿੰਘ ਵਾਲਾ ਕਰ ਰਿਹਾ ਹੈ ਤੇ ਅੱਜ ਕਰਵਾਏ ਗਏ ਹੈਂਡਬਾਲ ਦੇ ਰੋਮਾਂਚਕ ਮੁਕਾਬਲਿਆਂ ਵਿੱਚ ਛੋਟੇ ਖਿਡਾਰੀਆਂ ਦਾ ਜੋਸ਼ ਅਤੇ ਖੇਡ ਭਾਵਨਾ ਦੇਖਣਯੋਗ ਸੀ। ਮੁੰਡਿਆਂ ਅਤੇ ਕੁੜੀਆਂ ਦੇ ਵਰਗ ਵਿੱਚ ਸੈਂਟਰ ਮਾਲ ਰੋਡ ਗਰਲਜ਼ ਦੀ ਟੀਮ ਪਹਿਲੇ ਸਥਾਨ ਅਤੇ ਦੇਸਰਾਜ ਸੈਂਟਰ ਦੀ ਟੀਮ ਦੂਸਰੇ ਸਥਾਨ ਤੇ ਰਹੀ ਅਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਖੇਡਾਂ ਦੇ ਕਨਵੀਨਰ ਅਵਤਾਰ ਸਿੰਘ ਨੇ ਸਮੂਹ ਖਿਡਾਰੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਖੇਡਾਂ ਬੱਚਿਆਂ ਦੀ ਸਿੱਖਿਆ ਦਾ ਅਨਿੱਖੜਵਾਂ ਅੰਗ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਮੁਕ-ਾਬਲੇ ਨਾ ਸਿਰਫ਼ ਬੱਚਿਆਂ ਦੇ ਸਰੀਰਕ ਵਿਕਾਸ ਲਈ ਜ਼ਰੂਰੀ ਹਨ, ਸਗੋਂ ਇਹ ਉਨ੍ਹਾਂ ਵਿੱਚ ਆਪਸੀ ਸਹਿਯੋਗ, ਅਨੁਸ਼ਾਸਨ, ਅਤੇ ਸਿਹਤਮੰਦ ਮੁਕਾਬਲੇ ਦੀ ਭਾਵਨਾ ਵੀ ਪੈਦਾ ਕਰਦੇ ਹਨ। ਖੇਡਾਂ ਦੇ ਸਫ਼ਲ ਪ੍ਰਬੰਧਨ ਲਈ ਸਮੂਹ ਸਟਾਫ਼ ਅਤੇ ਅਧਿਕਾਰੀਆਂ ਨੇ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਰਾਜਵੀਰ ਸਿੰਘ ਮਾਨ, ਰਾਮ ਸਿੰਘ ਬਰਾੜ, ਹੈੱਡ ਟੀਚਰ ਹਰਤੇਜ ਸਿੰਘ, ਵਿਜੈ ਕੁਮਾਰ, ਸੰਦੀਪ ਸਿੰਘ, ਅਤੇ ਦਵਿੰਦਰਪਾਲ ਸਿੰਘ ਡੀਪੀਈ ਸੇਟ ਜੇਵੀਅਰ ਸਮੇਤ ਅਧਿਆਪਕ ਆਦਿ ਹਾਜ਼ਰ ਸਨ। ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਖਵਿੰਦਰ ਸਿੰਘ ਨੇ ਜੇਤੂ ਟੀਮਾਂ ਨੂੰ ਵਧਾਈ ਦਿੱਤੀ ਅਤੇ ਬਾਕੀ ਖਿਡਾਰੀਆਂ ਨੂੰ ਖੇਡ ਭਾਵਨਾ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਬਲਾਕ ਬਲਾਚੌਰ ਦੀ ਮੀਟਿੰਗ ਪ੍ਰਧਾਨ ਮੰਗਤ ਰਾਮ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ



**ਬਲਾਚੌਰ (ਚਰਨਜੀਤ ਸੱਲ੍ਹਾਂ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ:-295ਬਲਾਕ ਬਲਾਚੌਰ ਦੀ ਅੱਜ ਮਹੀਨਾਵਾਰ ਮੀਟਿੰਗ ਪ੍ਰਧਾਨ ਡਾਕਟਰ ਮੰਗਤ ਰਾਮ ਜੀ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਬਲਾਚੌਰ ਵਿਖੇ ਕੀਤੀ ਗਈ। ਅੱਜ ਦੀ ਮੀਟਿੰਗ ਸ਼੍ਰੀ ਮਹਾਂਰਿਸ਼ੀ ਬਾਲਮੀਕ ਜੀ ਨੂੰ ਸਮਰਪਿਤ ਕੀਤੀ ਗਈ। ਪਹਿਲਾਂ ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ ਜੀ ਦੇ ਸਹੁਰਾ ਸਾਹਿਬ ਤੇ ਜ਼ਿਲ੍ਹਾ ਮੀਤ ਪ੍ਰਧਾਨ ਡਾਕਟਰ ਗੁਰਨਾਮ ਸਿੰਘ ਜੀ ਦੀ ਤਾਈ ਜੀ ਦੇ ਸਵਰਗ ਸਿਧਾਰਨ ਤੇ ਦੋ ਮਿੰਟ ਦਾ ਮੋਨ ਰੱਖਿਆ ਗਿਆ। ਫਿਰ ਜੱਥੇਬੰਦੀ ਦੀਆਂ ਗਤੀਵਿਧੀਆਂ ਬਾਰੇ ਗੱਲਬਾਤ ਕੀਤੀ ਗਈ ਤੇ ਸਰਕਾਰ ਨੂੰ ਸਬੋਧਨ ਕਰਕੇ ਕਿਹਾ ਗਿਆ ਕਿ ਲਾਰਿਆਂ ਦੇ ਸਿਰ ਤੇ ਸਰਕਾਰਾਂ ਬਹੁਤਾ ਸਮਾਂ ਨਹੀਂ ਚੱਲਦੀਆਂ ਹੁੰਦੀਆਂ ਪ੍ਰਧਾਨ ਜੀ ਨੇ ਕਿਹਾ ਕਿ ਜਿਨ੍ਹਾਂ ਜਿਨ੍ਹਾਂ ਸਰਕਾਰਾਂ ਨੇ ਸਾਡੇ ਨਾਲ ਚਲਾਕੀ ਕੀਤੀ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ,ਇਸ ਕਰਕੇ ਅਜੇ ਵੀ ਸਮਾਂ ਹੈ ਨਹੀਂ ਤਾਂ ਕੁਰਸੀ ਤੋਂ ਡਿੱਗਣ ਲਈ ਤਿਆਰ ਰਹੋ। ਡਾਕਟਰ ਸਾਥੀਆਂ ਨੂੰ ਅਪੀਲ ਕੀਤੀ ਕਿ ਆਪਣੇ ਇਕੱਠ ਨੂੰ ਬਣਾਕੇ ਰੱਖੋ। ਤੇ ਨਵੇਂ ਬਣੇ ਮੈਂਬਰਸ਼ਿਪ ਸਰਟੀਫਿਕੇਟ,ਫਲੈਕਸ ਤੇ ਆਈ ਕਾਰਡਾਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਪ੍ਰਧਾਨ ਡਾਕਟਰ ਮੰਗਤ ਰਾਏ,ਵਾਈਸ ਪ੍ਰਧਾਨ ਡਾਕਟਰ ਰਣਧੀਰ ਸਿੰਘ,ਜਨਰਲ ਸਕੱਤਰ ਡਾਕਟਰ ਰਾਮਜੀ ਬੱਧਣ, ਕੈਸ਼ੀਅਰ ਡਾਕਟਰ ਸੁਰਿੰਦਰ ਕਟਾਰੀਆ, ਚੇਅਰਮੈਨ ਡਾਕਟਰ ਰਾਮਪਾਲ ਚੀਮਾ, ਜ਼ਿਲ੍ਹਾ ਕੈਸ਼ੀਅਰ ਡਾਕਟਰ ਕਸ਼ਮੀਰ ਸਿੰਘ,ਜ਼ਿਲ੍ਹਾ ਮੀਤ ਪ੍ਰਧਾਨ ਡਾਕਟਰ ਗੁਰਨਾਮ ਸਿੰਘ, ਅਰਗੋਨਾਈਜ਼ਰ ਡਾਕਟਰ ਮਨਜੀਤ ਕੁਮਾਰ,ਵਾਈਸ ਚੇਅਰਮੈਨ ਡਾਕਟਰ ਪਵਨ ਤਾਜੋਵਾਲ,ਪ੍ਰੈਸ ਸਕੱਤਰ ਡਾਕਟਰ ਸੰਜੀਵ ਕੁਮਾਰ,ਵਾਈਸ ਸਕੱਤਰ ਡਾਕਟਰ ਨਰੇਸ਼ ਕੰਗਣਾ,ਡਾਕਟਰ ਭੁਪਿੰਦਰ ਸਿੰਘ ਸਿਆਣ,ਡਾਕਟਰ ਅਜਮੇਰ ਸਿੰਘ,ਡਾਕਟਰ ਸੁਰਿੰਦਰ ਬਾਗੋਵ-ਾਲ, ਡਾਕਟਰ ਅਮਜ਼ਦ ਅਲੀ, ਮੁੱਖ ਸਲਾਹਕਾਰ ਡਾਕਟਰ ਸੁਰਜੀਤ ਚੀਮਾ,ਡਾਕਟਰ ਨਾਰੇਸ਼ ਕੁਮਾਰ ਬੀਨੇਵਾਲ, ਲੇਡੀ ਡਾਕਟਰ ਸੰਦੀਪ ਕੌਰ ਤੇ ਹੋਰ ਡਾਕਟਰ ਸਾਹਿਬਾਨ ਹਾਜ਼ਰ ਹੋਏ।

# ਨੌਵੇਂ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਚੇਤਨਾ ਮਾਰਚ ਆਯੋਜਿਤ



**ਫਿਲੌਰ/ਅੱਪਰਾ, (ਦੀਪਾ)-** ਸ਼ਹੀਦ ਬਾਬਾ ਦੀਪ ਸਿੰਘ ਗੁਰ-ਮਤਿ ਪ੍ਰਚਾਰ ਮਿਸ਼ਨ ਅੱਪਰਾ ਵੱਲੋਂ ਨੌਵੇਂ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਭਾਈ ਮਤੀ ਦਾਸ ਜੀ ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦ ਚੇਤਨਾ ਮਾਰਚ ਗੁਰਦੁਆਰਾ ਅਕਾਲਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਲਾਂਦੜਾ ਤੋਂ ਗੁਰਦੁਆਰਾ ਝੰਡਾ ਸਾਹਿਬ ਬਾਬਾ ਹਰਦਿਆਲ ਸਿੰਘ ਜੀ ਪਿੰਡ ਥਲਾ ਤੱਕ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਇਹ ਸ਼ਹੀਦੀ ਚੇਤਨਾ ਮਾਰਚ ਗੁਰਦੁਆਰਾ ਅਕਾਲਸਰ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਲਾਂਦੜਾ ਤੋਂ ਜੈਕਾਰਿਆਂ ਦੀ ਗੂੰਜ ਵਿੱਚ ਆਰੰਭ ਹੋਇਆ ਅਤੇ ਪਿੰਡ ਲਾਂਧੜਾ, ਪਾਲ ਨੌ, ਪਾਲਕਦੀਮ, ਕੰਗ ਜਗੀਰ, ਗੁਰਦੁਆਰਾ ਭਾਈ ਬਾਲਾ ਸਾਹਿਬ, ਪਿੰਡ ਜੱਜਾ ਖੁਰਦ, ਸਮਰਾੜੀ, ਅੱਪਰਾ, ਲੋਹਗੜ, ਗੜੀ ਮਹਾ ਸਿੰਘ, ਕਟਾਣਾ, ਤੁਰਾਂ, ਛੋਕਰਾਂ, ਮੋਰੋਂ, ਢੱਕ ਮਜਾਰਾ, ਦਿਆਲਪੁਰ, ਮੰਡੀ, ਚੱਕ ਸਾਹਬੂ, ਭਾਰ ਸਿੰਘਪੁਰ, ਬੰਸੀਆਂ, ਥਲਾ ਤੋਂ ਹੁੰਦਾ ਹੋਇਆ ਗੁਰਦੁਆਰਾ ਬਾਬਾ ਹਰਦਿਆਲ ਸਿੰਘ ਝੰਡਾ ਸਾਹਿਬ ਪਿੰਡ ਥਲਾ ਵਿਖੇ ਸਮਾਪਤ ਹੋਇਆ। ਇਸ ਮੌਕੇ ਢਾਡੀ ਜਥਾ ਗਿਆਨੀ ਕੁਲਦੀਪ ਸਿੰਘ ਖਾਪੜਖੇੜੀ ਅਤੇ ਗਿਆਨੀ ਸਤ ਭਾਗ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਸਮਾਪਤੀ ਮੌਕੇ ਗਿਆਨੀ ਪ੍ਰਦੀਪ ਸਿੰਘ ਜੰਡਿਆਲਾ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਮੌਕੇ ਵੱਖ ਵੱਖ ਪਿੰਡਾਂ ਵਿੱਚ ਸੰਗਤਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁੱਲਾਂ ਦੀ ਵਰਖਾ ਕਰਕੇ ਸ਼ਾਨਦਾਰ ਸਵਾਗਤ ਕੀਤਾ ਗਿਆ ਅਤੇ ਲੰਗਰ ਲਗਾਏ ਗਏ। ਸ਼ਹੀਦ ਬਾਬਾ ਦੀਪ ਸਿੰਘ ਗੁਰਮਤ ਪ੍ਰਚਾਰ ਮਿਸ਼ਨ ਵੱਲੋਂ ਸਮੂਹ ਸੇਵਾਦਾਰਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਨੌਜਵਾਨਾਂ ਨੇ ਬਹੁਤ ਹੀ ਉਤਸਾਹ ਨਾਲ ਸੇਵਾਵਾਂ ਨਿਭਾਈਆਂ। ਇਸ ਮੌਕੇ ਕਈ ਨੌਜਵਾਨਾਂ ਨੇ ਅੰਮ੍ਰਿਤ ਛਕਣ ਦਾ ਪ੍ਰਣ ਵੀ ਲਿਆ। ਅੰਤ ਵਿੱਚ ਕਥਾ ਵਾਚਕ ਭਾਈ ਦਲਵਿੰਦਰ ਸਿੰਘ ਅੱਪਰਾ ਨੇ ਸਰਬੱਤ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜਥੇਦਾਰ ਕੁਲਵੀਰ ਸਿੰਘ ਬੜਾ ਪਿੰਡ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਜੀਤ ਸਿੰਘ ਢਿੱਲੋਂ ਮੰਡੀ, ਹਰਜੀਤ ਸਿੰਘ ਲਾਂਦੜਾ, ਅਮਰੀਕ ਸਿੰਘ ਸੈਂਹਬੀ, ਤੀਰਥ ਸਿੰਘ ਮੈਂਗੜਾ, ਗੁਰਜੀਤ ਸਿੰਘ ਸਮਰਾੜੀ, ਤਿਲਕਰਾਜ ਸਿੰਘ ਖਾਲਸਾ, ਮਨਜੀਤ ਸਿੰਘ ਖਾਲਸਾ, ਜਸਵਿੰਦਰ ਸਿੰਘ ਜੱਸੀ ਅੱਪਰਾ, ਸੋਮਨਾਥ ਸਾਬਕਾ ਪੰਚ, ਵਿਨੇ ਕੁਮਾਰ ਸਰਪੰਚ ਅੱਪਰਾ, ਹਰੀ ਸਿੰਘ ਪ੍ਰਧਾਨ ਗੁਰਦੁਆਰਾ ਭਾਈ ਬਾਲਾ ਸਾਹਿਬ, ਕੁਲਵਿੰਦਰ ਸਿੰਘ ਕੰਗਜਗੀਰ, ਸਤਨਾਮ ਸਿੰਘ ਸੰਧੂ,ਗੁਰਸ਼ਿੰਦਰ ਸਿੰਘ, ਕੁਲਦੀਪ ਸਿੰਘ ਜੋਹਲ, ਹਰਦੀਪ ਸਿੰਘ ਗੁਲਾਟੀ ਗੁਰਨੇਕ ਸਿੰਘ ਨੰਬਰਦਾਰ, ਕਿਰਪਾਲ ਸਿੰਘ ਸੂਬੇਦਾਰ ਥਲਾ, ਕੁਲਦੀਪ ਸਿੰਘ ਬੜੇ ਪਿੰਡੀਏ, ਸੰਜੀਵ ਕੁਮਾਰ ਸੋਨਾ ਮੋਟਰ ਅੱਪਰਾ, ਕਾਕਾ ਬੜੇ ਪਿੰਡੀਏ ਆਦਿ ਅਤੇ ਬੇਅੰਤ ਸੰਗਤਾਂ ਹਾਜਰ ਸਨ।

# ਐਕਿਊਪੰਕਚਰ ਮੈਡੀਕਲ ਕੈਂਪ ਸਫਲਤਾਪੂਰਵਕ ਸੰਪੰਨ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਡਾ: ਕੋਟਨੀਸ ਐਕਿਊਪੰਕਚਰ ਹਸਪਤਾਲ, ਸਲੇਮ ਟਾਬਰੀ, ਲੁਧਿਆਣਾ ਵੱਲੋਂ ਚੀਨ ਲਈ ਭਾਰਤੀ ਚਿਕਿਤਸਾ ਮਿਸ਼ਨ (1938-1942) ਦੀ 87ਵੀਂ ਵਰ੍ਹੇਗੰਢ ਦੇ ਸੰਬੰਧ ਵਿੱਚ ਖੰਨਾ ਦੇ ਸ਼ਿਵ ਮੰਦਰ ਰੋਡ 'ਤੇ ਤਿੰਨ ਦਿਨਾਂ ਦਾ ਐਕਿਊਪੰਕਚਰ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ। ਕੈਂਪ ਦੇ ਤੀਜੇ ਦਿਨ ਸਾਬਕਾ ਕੈਬਨਿਟ ਮੰਤਰੀ ਸ੍ਰ: ਗੁਰਕੀਰਤ ਸਿੰਘ ਕੋਟਲੀ ਅਤੇ ਸ੍ਰ: ਹਰਜਿੰਦਰ ਸਿੰਘ ਇਕਲਾਹਾ (ਜ਼ਿਲ੍ਹਾ ਪ੍ਰੀਸ਼ਦ ਮੈਂਬਰ) ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਸ੍ਰ: ਇਕਬਾਲ ਸਿੰਘ ਗਿੱਲ (ਆਈ.ਪੀ.ਐੱਸ.), ਸ੍ਰ: ਜਸਵੰਤ ਸਿੰਘ ਛਾਪਾ (ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਲੁਧਿਆਣਾ), ਡਾ: ਕੇ.ਐਲ. ਪ੍ਰਣਾਮੀ, ਅਸ਼ਵਨੀ ਵਰਮਾ ਅਤੇ ਐਡਵੋਕੇਟ ਗੁਰਜੋਤ ਕੌਰ ਮਾਂਗਟ ਨੇ ਵੀ ਵਿਸ਼ੇਸ਼ ਤੌਰ 'ਤੇ ਹਿੱਸਾ ਲਿਆ। ਉਨ੍ਹਾਂ ਨੇ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ ਅਤੇ ਕਿਹਾ ਕਿ ਐਕਿਊਪੰਕਚਰ ਅੱਜ ਦੇ ਸਮੇਂ ਵਿੱਚ ਲੋਕਾਂ ਲਈ ਇੱਕ ਵਰਦਾਨ ਸਾਬਤ ਹੋ ਰਿਹਾ ਹੈ, ਜਿਸਦੀ ਤਰੱਕੀ ਲਈ ਸਿਆਸੀ ਹੱਦਾਂ ਤੋਂ ਉੱਪਰ ਉੱਠ ਕੇ ਲੋਕ-ਕਲਿਆਣ ਵਾਸਤੇ ਕੰਮ ਕਰਨ ਦੀ ਲੋੜ ਹੈ। ਡਾ: ਕੇ.ਐਲ. ਪ੍ਰਣਾਮੀ ਨੇ ਦੱਸਿਆ ਕਿ ਐਕਿਊਪੰਕਚਰ ਥੈਰੇਪੀ ਬਿਨਾਂ ਦਵਾਈ ਜਾਂ ਓਪਰੇਸ਼ਨ ਦੇ ਕੰਮ ਕਰਦੀ ਹੈ ਅਤੇ ਇਸ ਦਾ ਸਰੀਰ ਉੱਤੇ ਕੋਈ ਨੁਕਸਾਨ ਨਹੀਂ ਹੁੰਦਾ, ਉਲਟ ਇਹ ਇਲਾਜ ਹੋਰ ਢੰਗਾਂ ਦੇ ਮੁਕਾਬਲੇ ਕਾਫੀ ਘੱਟ ਖ਼ਰਚ ਵਾਲਾ ਹੈ। ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਪਿਛਲੇ 50 ਸਾਲਾਂ ਤੋਂ ਮਨੁੱਖਤਾ ਦੀ ਸੇਵਾ ਕਰ ਰਹੀ ਹੈ ਅਤੇ ਇਹ ਕੈਂਪ ਅੰਤਰਰਾਸ਼ਟਰੀ ਆਜ਼ਾਦੀ ਸੈਨਾਨੀ ਡਾ: ਦੁਆਰਕਾਨਾਥ ਕੋਟਨੀਸ ਅਤੇ ਡਾ: ਵਿਜੈ ਕੁਮਾਰ ਬਾਸੂ ਦੀ ਯਾਦ ਵਿੱਚ ਲਗਾਇਆ ਗਿਆ ਹੈ, ਜਿਨ੍ਹਾਂ ਨੇ 1938 ਤੋਂ 1942 ਤੱਕ ਚੀਨ ਵਿੱਚ ਸੇਵਾ ਕਰਦਿਆਂ ਭਾਰਤ-ਚੀਨ ਦੋਸਤੀ ਅਤੇ ਮਨੁੱਖਤਾ ਦੀ ਉੱਚੀ ਮਿਸਾਲ ਕਾਇਮ ਕੀਤੀ ਸੀ। ਉਨ੍ਹਾਂ ਦੇ ਇਸ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਹਸਪਤਾਲ ਵੱਲੋਂ ਭਾਰਤ ਭਰ ਵਿੱਚ ਮੁਫ਼ਤ ਐਕਿਊਪੰਕਚਰ ਕੈਂਪ ਲਗਾਏ ਜਾ ਰਹੇ ਹਨ। ਇਸ ਮੌਕੇ ਡਾ: ਰਘੁਵੀਰ ਸਿੰਘ, ਡਾ: ਸੰਦੀਪ ਚੋਪੜਾ, ਡਾ: ਬਲਜਿੰਦਰ ਢਿੱਲੋਂ, ਡਾ: ਕੇ.ਐਲ. ਪ੍ਰਣਾਮੀ ਆਦਿ ਨੇ ਆਪਣੀਆਂ ਮੁਫ਼ਤ ਸੇਵਾਵਾਂ ਦਿੱਤੀਆਂ ਅਤੇ ਤਿੰਨ ਦਿਨਾਂ ਦੇ ਇਸ ਕੈਂਪ ਵਿੱਚ ਲਗਭਗ 430 ਮਰੀਜ਼ਾਂ ਦਾ ਮੁਫ਼ਤ ਇਲਾਜ ਕੀਤਾ ਗਿਆ। ਕੈਂਪ ਨੂੰ ਕਾਮਯਾਬ ਬਣਾਉਣ ਵਿੱਚ ਮਨਪ੍ਰੀਤ ਕਪਿਲੇਸ਼, ਮਨਪ੍ਰੀਤ, ਮਨੀਸ਼ਾ, ਗਗਨ ਭਾਟੀਆ, ਰਵਦੀਪ ਕੌਰ, ਅਲੀਸ਼ਾ, ਗਗਨਦੀਪ, ਇੰਦਰਜੀਤ, ਦਲਜੀਤ, ਪੱਲਵੀ ਆਦਿ ਨੇ ਵਿਸ਼ੇਸ਼ ਯੋਗਦਾਨ ਦਿੱਤਾ।

# ਸ਼ਬਦ-ਸਾਂਝ ਕੋਟਕਪੂਰਾ ਤੇ ਕਲਮਾਂ ਦੇ ਰੰਗ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਮਨਾਇਆ ਗਿਆ:- ਉਘੇ ਸ਼ਾਇਰ ਕੁਲਵਿੰਦਰ ਵਿਰਕ ਦਾ ਜਨਮਦਿਨ





ਕੱਲ੍ਹ ਸਾਡੇ ਬਹੁਤ ਹੀ ਅਜੀਜ ਮਿੱਤਰ ਪੰਜਾਬੀ ਮਾਂ ਬੋਲੀ ਦੇ ਮਾਣਮੱਤੇ ਨੌਜਵਾਨ ਸੰਜੀਦਾ ਸਾਇਰ ਕੁਲਵਿੰਦਰ ਵਿਰਕ ਜੀ ਦਾ ਜਨਮਦਿਨ, ਪੰਜਾਬੀ ਦੇ ਚਰਚਿਤ ਲੋਕ ਗਾਇਕ ਇੰਦਰ ਮਾਨ ਜੀ ਦਫਤਰ ਵਿਖੇ ਇੱਕ ਦਰਜਨ ਤੋ ਉਪਰ ਲੇਖਕਾ , ਗੀਤਕਾਰ, ਲੋਕ ਗਾਇਕਾ ਦੀ ਹਾਜਰੀ ਵਿੱਚ ਖੂਬਸੂਰਤ ਮਹਿਫ਼ਲ ਦੌਰਾਨ ਕੇਕ ਕੱਟ ਕੇ ਮਨਾਇਆ ਗਿਆ।

ਇਸ ਸਮੇ ਲੋਕ ਗਾਇਕ ਇੰਦਰ ਨੇ ਆਪਣੇ ਖੂਬਸੂਰਤ ਗੀਤ, ਲੋਕ ਗਾਇਕ ਰਾਜ ਗਿੱਲ ਭਾਣਾ , ਪ੍ਰੀਤ ਭਗਵਾਨ, ਲੋਕ ਗਾਇਕ ਰਾਣਾ ਰਣਜੀਤ, ਗੀਤਕਾਰ ਚੈਨੇ ਵਾਲੇ ਭੱਟੀ ਖੂਬਸੂਰਤ ਸੇਅਰ , ਪ੍ਰੋ ਬੀਰ ਇੰਦਰ ਸਰਾਂ , ਸ਼ਿਵਨਾਥ ਦਰਦੀ ਫ਼ਰੀਦਕੋਟ , ਜਸਨ ਫਨਕਾਰ ਆਪਣੇ ਆਪਣੇ ਸੇਅਰਾਂ ਨਾਲ ਅਤੇ ਵਿਰਕ ਸਾਹਿਬ ਆਪਣੀਆਂ ਵਿਲੱਖਣ ਨਜ਼ਮਾਂ ਪੇਸ਼ਕਾਰੀ ਕਰ ਮਹਿਫ਼ਲ ਖੂਬਸੂਰਤੀ ਨੂੰ ਦੂਗਣਾ ਕੀਤਾ।

ਜੇਕਰ ਦੋਸਤੋ ਨੌਜਵਾਨ ਸਾਇਰ ਕੁਲਵਿੰਦਰ ਵਿਰਕ ਜੀ ਦੀ ਗੱਲ ਕਰੀਏ ਤਾਂ ਵਿਰਕ ਸਾਹਿਬ ਦੀਆਂ ਹੁਣ ਤੱਕ ਇਕ ਦਰਜਨ ਦੇ ਕਰੀਬ ਕਿਤਾਬਾਂ ਸਹਿਤਕ ਖੇਤਰ ਵਿਚ ਆ ਚੁੱਕੀਆਂ ਹਨ। ਜਿਨਾਂ 'ਵਗਦੇ ਪਾਣੀਆਂ ਦਾ ਸਿਰਨਾਵਾਂ' ਨਿਬੰਧ, ਸੋਲਾਂ ਦਿਸੰਬਰ ' ਕਹਾਣੀ ਸੰਗ੍ਰਿਹ', ਜੂਹਾਂ 'ਕਾਵਿ-ਰੰਗ' ਵੈਰਾਗ ਤੇ ਚਿਰਾਗ ' ਕਾਵਿ-ਪੁਸਤਕ' ਤੇ ਪੌਣ-ਪਾਣੀ ਤੇ ਰੇਤ ' ਨਿਬੰਧ ਸੰਗ੍ਰਿਹ' ਆਦਿ ਹਨ। ਵਿਰਕ ਸਾਹਿਬ ਦੀਆਂ ਖੂਬਸੂਰਤ ਕਵਿਤਾਵਾਂ, ਨਜ਼ਮਾਂ , ਨਿਬੰਧ ਤੇ ਕਹਾਣੀਆਂ ਅਕਸਰ ਪੰਜਾਬੀ ਦੇ ਉਚਕੋਟੀ ਦੇ ਮੈਗਜੀਨਾਂ ਤੇ ਅਖਬਾਰਾਂ ਵਿੱਚ ਛਪਦੇ ਰਹਿੰਦੇ ਹਨ। ਏਨਾਂ ਦੀ ਸਹਿਤਕ ਸਮਗਰੀ ਸਾਨੂੰ ਸਮਾਜਿਕ ਤਾਣੇ ਬਾਣੇ ਬਾਰੇ ਤੇ ਸੋਚਣ ਲਈ ਮਜ਼ਬੂਰ ਕਰਦੀ ਹਨ। ਏਨਾਂ ਦੀਆਂ ਬਾਕਮਾਲ ਰਚਨਾਵਾਂ ਸਾਨੂੰ ਪੁਰਾਤਨ ਸੱਭਿਆਚਾਰ ਨਾਲ ਵੀ ਜੋੜਦੀਆਂ ਹਨ । ਏਨਾਂ ਦੀਆਂ ਕਹਾਣੀਆਂ ਵਿਚ ਪਿੰਡਾਂ ਦੀਆਂ ਢਾਣੀਆਂ, ਖੂਹਾਂ, ਛੱਪੜਾਂ , ਖੇਤਾਂ , ਖੇਡਾਂ ਤੇ ਰਿਸ਼ਤਿਆ ਦੀ ਗੱਲ ਅਕਸਰ ਬੜੇ ਅਦਬ ਸਤਿਕਾਰ ਹੁੰਦੀ ਹੈ। ਵਿਰਕ ਸਾਹਿਬ ਜੀ ਪਿੰਡ ਨਾਲ ਜੁੜੇ ਓਹ ਨੌਜਵਾਨ ਹਨ ਜੋ ਸਹਿਰ ਵਿੱਚ ਰਹਿਣ ਦੇ ਬਾਵਜੂਦ ਵੀ ਆਪਣੇ ਪਿੰਡ ਨਾਲ ਤੇ ਮਿੱਟੀ ਅਥਾਹ ਪਿਆਰ ਮੁਹੱਬਤ ਦਿਲ ਵਿੱਚ ਰੱਖਦੇ ਹਨ । ਏਥੇ ਇਹ ਕਹਿਣਾ ਜਾਇਜ ਹੋਵੇ ਜੋ ਲੋਕ ਆਪਣੀ ਮਿੱਟੀ ਤੇ ਸੱਭਿਆਚਾਰਕ ਪਿਛੋਕੜ ਨੂੰ ਭੁੱਲ ਜਾਂਦੇ ਹਨ ਤੇ ਓਹ ਰੁਲ ਜਾਂਦੇ ਹਨ। ਅਜੋਕੀ ਪੀੜੀ ਨੂੰ ਇਹ ਸਭ ਕੁਝ ਵਿਰਕ ਸਾਹਿਬ ਜੀ ਆਪਣੀਆਂ ਵਿਲੱਖਣ ਅੰਦਾਜ 'ਚ ਪੇਸ਼ ਕੀਤੀਆ ਰਚਨਾਵਾਂ ਦੱਸਦੀਆਂ ਹਨ।

ਵਿਰਕ ਸਾਹਿਬ ਜੀ ਨਾਮਵਰ ਸਹਿਤਕ ਸੰਸਥਾਂ 'ਸ਼ਬਦ-ਸਾਂਝ' ਕੋਟਕਪੂਰਾ ਦੇ ਜਰਨਲ ਸਕੱਤਰ ਵਜੋ ਸਹਿਤਕ ਖੇਤਰ ਆਪਣੀ ਪੰਜਾਬੀ ਮਾਂ ਬੋਲੀ ਸੱਚਾ ਸਪੂਤ ਬਣ ਆਪਣਾ ਬਣਦਾ ਕੀਮਤੀ ਹਿੱਸਾ ਪਾ ਰਹੇ ਹਨ। ਪੇਸੇ ਵਜੋ ਪੰਜਾਬੀ ਅਧਿਆਪਕ ਵਜੋ ਫ਼ਰੀਦਕੋਟ ਦੇ 'ਬਾਬਾ ਫ਼ਰੀਦ ਸਕੂਲ' ਸੇਵਾ ਨਿਭਾਅ ਰਹੇ ਹਨ।

ਜੇਕਰ ਵਿਰਕ ਸਾਹਿਬ ਜੀ ਸਨਮਾਨਾਂ ਦੀ ਗੱਲ ਕਰੀਏ, ਪੰਜਾਬ ਤੇ ਹਰਿਆਣਾ ਦੀਆਂ ਬਹੁਤ ਸਾਰੀਆਂ ਸੰਸਥਾਵਾਂ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ। ਏਨਾਂ ਰੂਬਰੂ ਸੰਸਥਾਵਾਂ, ਦੂਰਦਰਸ਼ਨ ਜਲੰਧਰ ਵੱਲੋ ਅਨੇਕਾਂ ਵਾਰ ਕੀਤਾ ਗਿਆਂ ਅਤੇ ਸਮਾਜਿਕ ਖੇਤਰ ਵਿੱਚ ਮਾਨਵਤਾ ਦੀ ਭਲਾਈ ਲਈ, ਏਨਾਂ ਅਨੇਕਾਂ ਵਾਰ ਖੂਨਦਾਨ ਕਰ ਚੁੱਕੇ ਹਨ। ਸਹਿਤਕ ਖੇਤਰ ਦੇ ਨਾਲ ਨਾਲ ਸਮਾਜਿਕ ਸੰਸਥਾਵਾਂ ਸਬੰਧਤ ਹਨ । ਵਿਰਕ ਸਾਹਿਬ ਬਹੁਤ ਮਿਲਣਸਾਰ, ਮਿੱਠੇ ਸੁਭਾਅ ਰੱਖਣ ਵਾਲੇ ਸੰਘਰਸ਼ੀ ਤੇ ਮਿਹਨਤਕਸ਼ ਇਨਸਾਨ ਹਨ। ਮਨੁੱਖਤਾ ਦੀ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਦੇਖਦੇ ਹਨ। ਏਨਾਂ ਨੂੰ ਆਪਣੇ ਬੱਚਿਆਂ ਤੇ ਆਪਣੀ ਧਰਮ ਪਤਨੀ ਵੱਲੋ ਪੂਰਨ ਸਹਿਯੋਗ ਮਿਲਦਾ ਹੈ। ਵਿਰਕ ਸਾਹਿਬ ਜੀ ਅੱਜ ਨੌਜਵਾਨ ਪੀੜੀ ਲਈ ਚਾਨਣ ਮੁਨਾਰੇ ਹਨ।

ਜਨਮਦਿਨ ਮਨਾਉਣ ਲਈ ਚਰਚਿਤ ਲੋਕ ਗਾਇਕ ਇੰਦਰ ਮਾਨ ਤੋ ਇਲਾਵਾਂ ਉਘੇ ਚਿੱਤਰਕਾਰ ਤੇ ਗੀਤਕਾਰ ਪ੍ਰੀਤ ਭਗਵਾਨ ਪ੍ਰਧਾਨ ਸ਼ਬਦ-ਸਾਂਝ ਕੋਟਕਪੂਰਾ, ਲੋਕ ਗਾਇਕ ਰਾਣਾ ਰਣਜੀਤ , ਲੋਕ ਗਾਇਕ ਰਾਜ ਗਿੱਲ ਭਾਣਾ, ਗੀਤਕਾਰ ਭੱਟੀ ਚੈਨੇਵਾਲਾ, ਨਰੇਗਾ ਦੇ ਜ਼ਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ, ਕਲਮਾਂ ਦੇ ਰੰਗ ਦੇ ਪ੍ਰਧਾਨ ਸ਼ਿਵਨਾਥ ਦਰਦੀ, ਚੇਅਰਮੈਨ ਕਲਮਾਂ ਦੇ ਰੰਗ ਪ੍ਰੋ ਬੀਰ ਇੰਦਰ ਸਰਾਂ, ਮੀਡੀਆ ਇੰਚਾਰਜ ਅਸੀਸ ਕੁਮਾਰ, ਜਸਨ ਫਨਕਾਰ ਆਦਿ ਹਾਜ਼ਰ ਹੋਏ।

ਪ੍ਰਮਾਤਮਾ ਏਨਾ ਦੇ ਸੁਪਨੇ ਸਾਕਾਰ ਕਰਨ, ਵਾਹਿਗੁਰੂ ਏਨਾਂ ਦੀ ਮੰਜ਼ਿਲ ਦਾ ਰਾਹ ਸੁਖਾਲਾ ਕਰੇ । ਮੈ ਏਨਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਾ ਹਾਂ। ਦੁਆਵਾਂ ਆਮੀਨ

**ਸ਼ਿਵਨਾਥ ਦਰਦੀ**
**ਫ਼ਰੀਦਕੋਟ**
**ਫਿਲਮ ਜਰਨਲਿਸਟ**

for more news visit:
www.samajweekly.com

# ਦੂਸਰੀ ਪੰਜਾਬ ਮਾਸਟਰ ਅਥਲੈਟਿਕ ਮੀਟ ਬਠਿੰਡਾ ਵਿਖੇ ਅਮਿਟ ਪੈੜਾਂ ਛੱਡਦੀ ਹੋਈ ਸੰਪਨ

## •ਹੁਸ਼ਿਆਰਪੁਰ ਦੇ 70 ਸਾਲਾਂ ਨੌਜਵਾਨਾਂ ਨੇ ਮਾਰੀਆਂ ਵੱਡੀਆਂ ਮੱਲਾਂ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਮਿਲਖਾ ਸਿੰਘ ਮਾਸਟਰ ਅਥਲੈਟਿਕਸ ਕਲੱਬ (ਰਜਿ:) ਬਠਿੰਡਾ ਵੱਲੋਂ ਦੂਸਰੀ ਪੰਜਾਬ ਮਾਸਟਰ ਅਥਲੈਟਿਕ ਚੈਂਪੀਅਨਸ਼ਿਪ ਡੀ.ਏ.ਵੀ. ਕਾਲਜ ਬਠਿੰਡਾ ਵਿਖੇ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਨੰਬਰਦਾਰ ਦੀ ਸੁਚੱਜੀ ਅਗਵਾਈ ਹੇਠ ਸੰਪਨ ਹੋਈ। ਇਸ ਚੈਂਪੀਅਨਸ਼ਿਪ ਵਿੱਚ 30 ਸਾਲ ਤੋਂ ਲੈ ਕੇ 100 ਸਾਲ ਦੀ ਉਮਰ ਤੱਕ ਦੇ ਪੰਜ ਸਾਲ ਦੇ ਫਰਕ ਨਾਲ ਮਰਦਾਂ ਅਤੇ ਔਰਤਾਂ ਦੇ ਬਣਾਏ ਗਰੁੱਪਾਂ ਵਿੱਚ ਮਰਦ ਅਤੇ ਔਰਤ ਅਥਲੀਟਾਂ ਨੇ ਹਿਸਾ ਲਿਆ। ਕਲੱਬ ਵੱਲੋਂ ਹਰ ਅਥਲੀਟ ਨੂੰ ਦੋ ਈਵੈਂਟ ਵਿੱਚ ਭਾਗ ਲੈਣ ਦੀ ਇਜਾਜਤ ਦਿੱਤੀ ਗਈ ਸੀਙ ਅਥਲੀਟਾਂ ਦੀ ਸਹਾਇਤਾ ਲਈ ਇਹ ਐਂਟਰੀ ਫੀਸ ਆਨਲਾਈਨ ਹੋਣ ਕਾਰਨ 500 ਦੇ ਕਰੀਬ ਐਥਲੀਟਾਂ ਨੇ ਇਸ ਚੈਂਪੀਅਨਸ਼ਿਪ ਵਿੱਚ ਭਾਗ ਲਿਆ ਜੋ ਕਿ ਆਪਣੇ ਆਪ ਵਿੱਚ ਪ੍ਰੇਰਨਾਦਾਇਕ ਮਿਸਾਲ ਹੈ। ਹਰ ਅਥਲੀਟ ਨੂੰ ਜਰਸੀਆਂ ਵੀ ਮੁਫ਼ਤ ਦਿੱਤੀਆਂ ਗਈਆਂ। ਹਰ ਅਥਲੀਟ ਲਈ ਬਰੇਕਫਾਸਟ ਅਤੇ ਲੰਚ ਦਾ ਸੁਚੱਜਾ ਪ੍ਰਬੰਧ ਕੀਤਾ ਗਿਆ ਜਿਸ ਦੀ ਹਰ ਅਥਲੀਟ ਨੇ ਪ੍ਰਸ਼ੰਸਾ ਕੀਤੀ ਅਤੇ ਨਗੂਣੇ ਜਿਹੇ ਕਰਾਏ ਤੇ ਖੇਡ ਗਰਾਉਂਡ ਦੇ ਨਜ਼ਦੀਕ ਏ.ਸੀ. ਕਮਰਿਆਂ ਦੇ ਰਹਿਣ ਦਾ ਵੀ ਪ੍ਰਬੰਧ




ਬਾਕਮਾਲ ਸੀ। ਮਿਲਖਾ ਸਿੰਘ ਮਾਸਟਰ ਅਥਲੈਟਿਕਸ ਕਲੱਬ (ਰਜਿ:) ਬਠਿੰਡਾ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਅਥਲੈਟਿਕਸ ਚੈਂਪੀਅਨਸ਼ਿਪ ਕਰਾਉਣ ਲਈ ਵਧੀਆ ਗਰਾਉਂਡ ਅਤੇ ਹਰ ਈਵੈਂਟ ਲਈ ਲੋੜੀਦੇ ਸਮਾਨ ਦਾ ਸਮੇਂ ਸਿਰ ਪ੍ਰਬੰਧ ਕੀਤਾ ਗਿਆ ਸੀ। ਇਸ ਚੈਂਪੀਅਨਸ਼ਿਪ ਵਿੱਚ ਪੰਜਾਬ ਦੇ ਬਾਕੀ ਜਿਲਿਆਂ ਅਤੇ ਦੂਸਰੇ ਰਾਜਾਂ ਤੋਂ ਆਏ ਖਿਡਾਰੀਆਂ ਦੀ ਤਰ੍ਹਾਂ ਹੁਸ਼ਿਆਰਪੁਰ ਜਿਲ੍ਹੇ ਦੇ ਅਥਲੀਟਾਂ ਨੇ ਵੀ ਭਰਪੂਰ ਸ਼ਮੂਲੀਅਤ ਕੀਤੀ ਅਤੇ ਆਪਣੇ ਆਪਣੇ ਈਵੈਂਟ ਵਿੱਚ ਮੱਲਾਂ ਮਾਰੀਆਂ। 65-69 ਉਮਰ ਦੇ ਗਰੁੱਪ ਵਿੱਚ ਦਸੂਹਾ ਦੇ ਹਰਕ੍ਰਿਸ਼ਨ ਸਿੰਘ ਨੇ ਲੰਬੀ ਛਾਲ ਵਿੱਚ ਪਹਿਲਾ ਅਤੇ 100 ਮੀਟਰ ਰੇਸ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਕ੍ਰਮਵਾਰ ਸੋਨੇ ਅਤੇ ਚਾਂਦੀ ਦੇ ਮੈਡਲ ਹਾਸਲ ਕੀਤੇ, ਹੁਸ਼ਿਆਰਪੁਰ ਦੇ ਪੰਕਜ ਕੁਮਾਰ ਨੇ 45-49 ਸਾਲ ਦੇ ਗਰੁੱਪ ਵਿੱਚ 100 ਮੀਟਰ ਰੇਸ ਚੋਂ ਤੀਸਰਾ ਅਤੇ 200 ਮੀਟਰ ਰੇਸ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਕ੍ਰਮਵਾਰ ਕਾਂਸੇ ਤੇ ਚਾਂਦੀ ਦੇ ਤਗਮੇ ਪ੍ਰਾਪਤ ਕੀਤੇ, ਹੁਸ਼ਿਆਰਪੁਰ ਦੇ ਅਸ਼ੋਕ ਕੁਮਾਰ ਪਾਲ ਨੇ 65-69 ਸਾਲ ਦੇ ਗਰੁੱਪ ਵਿੱਚ 5 ਕਿਲੋਮੀਟਰ ਰੇਸ ਵਾਕ ਵਿੱਚੋਂ ਤੀਸਰਾ ਸਥਾਨ ਪ੍ਰਾਪਤ ਕਰਕੇ ਕਾਂਸੇ ਦਾ ਮੈਡਲ ਹਾਸਿਲ ਕੀਤਾ, ਹੁਸ਼ਿਆਰਪੁਰ ਦੇ ਬਹਾਦਰ ਸਿੰਘ ਨੇ 70-74 ਸਾਲ ਦੇ ਗਰੁੱਪ ਵਿੱਚ ਹਾਈ ਜੰਪ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਮੈਡਲ ਹਾਸਲ ਕੀਤਾ, ਇਸੇ ਹੀ ਤਰ੍ਹਾਂ ਹੁਸ਼ਿਆਰਪੁਰ ਦੇ ਪ੍ਰਿੰ. ਬਲਵੀਰ ਸਿੰਘ ਸੈਣੀ ਨੇ 70-74 ਸਾਲ ਦੀ ਉਮਰ ਗਰੁੱਪ ਵਿੱਚ 5 ਕਿਲੋਮੀਟਰ ਰੇਸਵਾਕ ਵਿੱਚ ਦੂਸਰਾ ਸਥਾਨ ਪ੍ਰਾਪਤ ਕਰਕੇ ਚਾਂਦੀ ਦਾ ਮੈਡਲ ਹਾਸਲ ਕੀਤਾ। ਇਸ ਮੌਕੇ ਇਨਾਮ ਵੰਡ ਸਮਾਰੋਹ ਦੀ ਰਸਮ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਸਥਾਨਕ ਸ਼ਹਿਰੀ ਵਿਧਾਇਕ ਜਗਰੂਪ ਸਿੰਘ ਵੱਲੋਂ ਅਦਾ ਗਈ।
ਫੋਟੋ ਅਜਮੇਰ ਦੀਵਾਨਾ

# ਬਲਾਚੌਰ 'ਚ ਨਵ ਨਿਯੁਕਤ ਡੀਐਸਪੀ ਹੇਮੰਤ ਕੁਮਾਰ ਮਲਹੋਤਰਾ ਨੇ ਸੰਭਾਲਿਆ ਅਹੁੱਦਾ

## ਲੋਕਾਂ ਨੂੰ ਇਨਸਾਫ ਦੇਣਾ ਉਨਾ ਦੀ ਪ੍ਰਾਥਮਿਕਤਾ ਹੋਵੇਗੀ- ਡੀਐਸਪੀ

**ਬਲਾਚੌਰ ( ਜਤਿੰਦਰ ਪਾਲ ਸਿੰਘ ਕਲੇਰ )** ਸਬ ਡਿਵੀਜ਼ਨ ਬਲਾਚੌਰ ਦੇ ਨਵ ਨਿਯੁਕਤ ਡੀਐਸਪੀ ਹੇਮੰਤ ਕੁਮਾਰ ਮਲਹੋ- ਤਰਾ ਨੇ ਅੱਜ ਆਪਣਾ ਅਹੁੱਦਾ ਸੰਭਾਲ ਲਿਆ ਹੈ । ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਹਰ ਹਾਲਤ ਵਿੱਚ ਕਾਇਮ ਰੱਖਿਆ ਜਾਵੇਗਾ । ਉਨ੍ਹਾਂ ਕਿਹਾ ਕਿ ਲਾਅ ਐਂਡ ਆਰਡ ਨੂੰ ਮੇਨਟੇਨ ਰੱਖਿਆ ਜਾਵੇਗਾ ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਤੇ ਨਜਰ ਰੱਖੀ ਜਾਵੇਗੀ । ਉਨ੍ਹਾਂ ਕਿਹਾ ਕਿ ਕਿਸੇ ਨੂੰ ਕਾਨੂੰਨ ਨਾਲ ਖਿਲਵਾੜ ਨਹੀ ਕਰਨ ਦਿੱਤਾ ਜਾਵੇਗਾ । ਉਨ੍ਹਾਂ ਨਸ਼ਾ ਤਸਕਰਾਂ ਤੇ ਸਮੱਗਲਰਾਂ ਨੂੰ ਤਾੜਨਾ ਕਰਦੇ ਹੋਏ ਕਿਹਾ ਕਿ ਉਹ ਆਪਣੇ ਇਸ ਧੰਦੇ ਨੂੰ ਬੰਦ ਕਰ ਦੇਣ ਨਹੀ ਤਾ ਉਨਾ ਨੂੰ ਕਾਬੂ ਕਰਕੇ ਸਲਾਖਾਂ ਦੇ ਪਿੱਛੇ ਢੱਕਿਆ ਜਾਵੇਗਾ । ਯੁੱਧ ਨਸ਼ਿਆ ਵਿਰੁੱਧ ਮੁਹਿੰਮ ਨੂੰ ਸਖਤੀ ਨਾਲ ਲਾਗੂ ਕੀਤਾ



ਜਾਵੇਗਾ । ਇਲਾਕੇ ਦੇ ਲੋਕਾਂ ਨੂੰ ਇਨਸਾਫ ਦੇਣਾ ਉਨਾ ਦੀ ਪ੍ਰਾਥਮਿਕਤਾ ਹੋਵੇਗੀ । ਉਨ੍ਹਾਂ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੇਕਰ ਕੋਈ ਵਿਅਕਤੀ ਨਸ਼ੇ ਦਾ ਸਪਲਾਇਰ ਹੈ ਉਸ ਦੀ ਸੂਚਨਾ ਤੁਰੰਤ ਪੁਲਿਸ ਨੂੰ ਦਿੱਤੀ ਜਾਵੇ ਸੂਚਨਾ ਦੇਣ ਵਾਲੇ ਦਾ ਨਾਮ ਤੇ ਪਤਾ ਗੁੱਪਤ ਰੱਖਿਆ ਜਾਵੇਗਾ । ਉਨਾ ਕਿਹਾ ਕਿ ਜੇਕਰ ਤੁਹਾਨੂੰ ਕੋਈ ਸ਼ੱਕੀ ਵਿਅਕਤੀ ਤੇ ਚੀਜ ਦਿਖਾਈ ਦਿੰਦੀ ਹੈ ਤਾਂ ਉਸਦੀ ਤੁਰੰਤ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ ਅਤੇ ਤਿਉਹਾਰਾਂ ਦੇ ਮੱਦੇਨਜ਼ਰ ਪੁਲਿਸ ਪੂਰੀ ਤਰ੍ਹਾਂ ਨਾਲ ਚੌਕਸ ਹੈ ਨਾਕਾਬੰਦੀ ਲਗਾ ਕੇ ਹਰ ਆਉਣ ਜਾਣ ਵਾਲੇ ਦੀ ਚੈਕਿੰਗ ਕੀਤੀ ਜਾਵੇਗੀ । ਉਨਾਂ ਲੋਕਾ ਨੂੰ ਆਪਣੇ ਵਾਹਨਾਂ ਦੇ ਕਾਗਜ਼ਾਤ ਘਰ ਤੋਂ ਪੂਰੇ ਲੈ ਕੇ ਨਿਕਲਣ ਲਈ ਕਿਹਾ । ਤਾਂ ਕਿ ਨਾਕਾਬੰਦੀ ਦੇ ਦੌਰਾਨ ਪੁੱਛਗਿਛ ਦੌਰਾਨ ਕਿਸੇ ਤਰਾ ਦੀ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ । ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ ਆਪਣੀ ਸਮੱਸਿਆਵਾਂ ਨੂੰ ਲੈ ਕੇ ਬੇਝਿਜਕ ਉਨ੍ਹਾਂ ਦੇ ਦਫਤਰ ਆਉਣ ਆ ਕੇ ਮਿਲ ਸਕਦੇ ਹਨ। ਉਨ੍ਹਾਂ ਨੇ ਪਬਲਿਕ ਨੂੰ ਪੁਲਿਸ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ ।

for more news visit:
www.samajweekly.com

# ਅੰਡਰ-15 ਮਹਿਲਾ ਕ੍ਰਿਕਟ: ਹੁਸ਼ਿਆਰਪੁਰ ਨੇ ਜਲੰਧਰ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ: ਡਾ. ਰਮਨ ਘਈ

## ਹੁਸ਼ਿਆਰਪੁਰ ਲਈ ਭੂਮਿਕਾ ਸ਼ਰਮਾ, ਕਸ਼ਵੀ ਰਾਣਾ, ਕਪਤਾਨ ਧਰੁਵਿਕਾ ਸੇਠ ਅਤੇ ਉਪ-ਕਪਤਾਨ ਅਨੱਯਾ ਠਾਕੁਰ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਪੰਜਾਬ ਕ੍ਰਿਕਟ ਐਸੋਸੀਏਸ਼ਨ ਵੱਲੋਂ ਆਯੋਜਿਤ ਅੰਡਰ-15 ਮਹਿਲਾ ਕ੍ਰਿਕਟ ਅੰਤਰ-ਜ਼ਿਲ੍ਹਾ ਕ੍ਰਿਕਟ ਟੂਰਨਾਮੈਂਟ ਵਿੱਚ, ਹੁਸ਼ਿਆਰਪੁਰ ਦੀ ਟੀਮ ਨੇ ਜਲੰਧਰ ਨੂੰ 35 ਦੌੜਾਂ ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਐਚਡੀਸੀਏ ਦੇ ਸਕੱਤਰ ਡਾ. ਰਮਨ ਘਈ ਨੇ ਦੱਸਿਆ ਕਿ 35 ਓਵਰਾਂ ਦੇ ਮੈਚ ਵਿੱਚ, ਜਲੰਧਰ ਨੇ ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫੈਸਲਾ ਕੀਤਾ। ਹੁਸ਼ਿਆਰਪੁਰ 34.4 ਓਵਰਾਂ ਵਿੱਚ 122 ਦੌੜਾਂ 'ਤੇ ਆਲ ਆਊਟ ਹੋ ਗਿਆ। ਹੁਸ਼ਿਆਰਪੁਰ ਲਈ ਬੱਲੇਬਾਜ਼ੀ ਕਰਦੇ ਹੋਏ, ਭੂਮਿਕਾ ਸ਼ਰਮਾ ਨੇ 29, ਕਸ਼ਵੀ ਰਾਣਾ ਨੇ 25 ਅਤੇ ਅਨੱਯਾ ਠਾਕੁਰ ਨੇ 11 ਦੌੜਾਂ ਬਣਾਈਆਂ। ਜਲੰਧਰ ਲਈ ਗੇਂਦਬਾਜ਼ੀ ਕਰਦੇ ਹੋਏ, ਰੇਜ਼ਲ ਕੌਰ ਸੰਧੂ ਨੇ ਛੇ, ਅਤੇ ਰਿਤਿਕਾ ਨੇ ਇੱਕ ਨੂੰ ਆਊਟ ਕੀਤਾ, ਹੁਸ਼ਿਆਰਪੁਰ ਵੱਲੋਂ। 35 ਓਵਰਾਂ ਵਿੱਚ ਜਿੱਤ ਲਈ 123 ਦੌੜਾਂ ਦਾ ਟੀਚਾ ਰੱਖਦੇ ਹੋਏ, ਜਲੰਧਰ ਦੀ ਟੀਮ ਹੁਸ਼ਿਆਰਪੁਰ ਦੀ ਪ੍ਰਭਾਵਸ਼ਾਲੀ ਗੇਂਦਬਾਜ਼ੀ ਦੇ ਸਾਹਮਣੇ ਸਿਰਫ਼ 87 ਦੌੜਾਂ 'ਤੇ ਆਲ ਆਊਟ ਹੋ ਗਈ। ਜਲੰਧਰ ਲਈ ਰਿਤਿਕਾ ਨੇ ਸਭ ਤੋਂ ਵੱਧ 37 ਦੌੜਾਂ ਬਣਾਈਆਂ, ਜਦੋਂ ਕਿ ਗੁਰਸਿਮਰਨ ਨੇ 12 ਦੌੜਾਂ ਬਣਾਈਆਂ। ਹੁਸ਼ਿਆਰਪੁਰ ਲਈ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ, ਉਪ-ਕਪਤਾਨ ਅੰਨੱਈਆ ਠਾਕੁਰ ਨੇ ਚਾਰ, ਅੰਸ਼ਿਕਾ ਨੇ ਤਿੰਨ, ਕਪਤਾਨ ਧਰੁਵਿਕਾ ਸੇਠ ਨੇ ਦੋ ਅਤੇ ਕਾਸ਼ਵੀ ਰਾਣਾ ਨੇ ਇੱਕ ਵਿਕਟ ਲਈ। ਇਸ ਤਰ੍ਹਾਂ, ਹੁਸ਼ਿਆਰਪੁਰ ਨੇ ਮੈਚ 35 ਦੌੜਾਂ ਨਾਲ ਜਿੱਤ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਕੀਤਾ। ਐਚਡੀਸੀਏ ਦੇ ਪ੍ਰਧਾਨ ਡਾ. ਦਲਜੀਤ ਸਿੰਘ ਖੇਲਾ ਨੇ ਐਸੋਸੀਏਸ਼ਨ ਵੱਲੋਂ ਟੀਮ ਨੂੰ ਵਧਾਈ ਦਿੱਤੀ ਅਤੇ ਸੈਮੀਫਾਈਨਲ ਵਿੱਚ ਪਹੁੰਚਣ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਟੀਮ ਦੇ ਕੋਚ ਦਵਿੰਦਰ ਕੌਰ ਕਲਿਆਣ, ਸਹਾਇਕ ਕੋਚ ਨਿਕਿਤਾ ਕੁਮਾਰੀ ਅਤੇ ਜ਼ਿਲ੍ਹਾ ਮੁੱਖ ਕੋਚ ਦਲਜੀਤ ਸਿੰਘ, ਜੂਨੀਅਰ ਕੋਚ ਦਲਜੀਤ ਧੀਮਾਨ, ਪੰਕਜ ਪਿੰਕਾ, ਦਿਨੇਸ਼ ਸ਼ਰਮਾ ਆਦਿ ਨੇ ਵੀ ਖਿਡਾਰੀਆਂ ਨੂੰ ਵਧਾਈ ਦਿੱਤੀ। ਇਸ ਮੌਕੇ 'ਤੇ ਐਚਡੀਸੀਏ ਟ੍ਰੇਨਰ ਅਤੇ ਸਾਬਕਾ ਰਾਸ਼ਟਰੀ ਖਿਡਾਰੀ ਕੁਲਦੀਪ ਧਾਮੀ ਤੋਂ ਇਲਾਵਾ, ਸਾਬਕਾ ਖਿਡਾਰੀ ਨਰੇਸ਼ ਕਾਲੂ, ਪੂਜਾ, ਅੰਜਲੀ, ਵੰਸ਼ਿਕਾ ਅਤੇ ਸੁਹਾਨਾ ਨੇ ਵੀ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪੀਸੀਏ ਦੇ ਚੋਣਕਾਰ ਗੁਰਦੀਪ ਮਿਨਹਾਸ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਡਾ. ਘਈ ਨੇ ਦੱਸਿਆ ਕਿ ਹੁਸ਼ਿਆਰਪੁਰ ਦਾ ਅਗਲਾ ਸੈਮੀਫਾਈਨਲ ਮੈਚ 16 ਅਕਤੂਬਰ ਨੂੰ ਪਟਿਆਲਾ ਅਤੇ ਮੁਕਤਸਰ ਜ਼ਿਲ੍ਹੇ ਦੀ ਜੇਤੂ ਟੀਮ ਨਾਲ ਖੇਡਿਆ ਜਾਵੇਗਾ।

**ਫੋਟੋ ਅਜਮੇਰ ਦੀਵਾਨਾ**

# ਹਰਿਆਣਾ ਪੁਲਿਸ ਦੇ ਡੀ ਜੀ ਪੀ ਨੂੰ ਲੰਬੀ ਛੁੱਟੀ ਨਹੀਂ, ਤੁਰੰਤ ਗਿਰਫਤਾਰ ਕਰੋ : ਪ੍ਰਦੀਪ ਜੱਸੀ



**ਬੰਗਾ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਸ਼੍ਰੀ ਪ੍ਰਦੀਪ ਜੱਸੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿਹ ਿਫਸ਼ ਪੂਰਨ ਕੁਮਾਰ ਖੁਦਕਸ਼ੀ ਮਾਮਲੇ ਵਿੱਚ ਬਹੁਜਨ ਸਮਾਜ ਪਾਰਟੀ ਅਤੇ ਹੋਰ ਜਥੇਬੰਦੀਆਂ ਦੇ ਲਗਾਤਾਰ ਹਰਿਆਣਾ ਪੁਲਿਸ ' ਤੇ ਵਧ ਰਹੇ ਦਬਾਅ ਕਾਰਨ ਹਰਿਆਣਾ ਦੀ ਭਾਜਪਾ ਸਰਕਾਰ ਵਲੋਂ ਹਰਿਆਣਾ ਪੁਲਿਸ ਦੇ ਡੀ ਜੀ ਪੀ ਸ਼ਤਰੂ ਜੀਤ ਕਪੂਰ ਨੂੰ ਲੰਬੀ ਛੁੱਟੀ ਤੇ ਭੇਜ ਦਿੱਤਾ ਹੈ । ਇਹ ਫੈਸਲਾ ਹਰਿਆਣਾ ਸਰਕਾਰ ਦਾ ਬਿਲਕੁੱਲ ਗ਼ਲਤ ਹੈ । ਕਿਉਕਿ ਦੋਸ਼ੀ ਬੰਦਿਆ ਦੀ ਜਗ੍ਹਾ ਜੇਲ੍ਹ ਵਿੱਚ ਹੁੰਦੀ ਹੈ ਨਾਂ ਕਿ ਲੰਬੀ ਛੁੱਟੀ।

ਇਸ ਕਰਕੇ ਕਨੂੰਨ ਸੱਭ ਲਈ ਇੱਕ ਹੈ । ਕਨੂੰਨ ਅਨੁਸਾਰ ਡੀ ਜੀ ਪੀ ਅਤੇ ਉਸ ਦੇ ਦੋਸ਼ੀ ਸਾਥੀਆਂ ਤੇ ਸਖਤ ਕਾਰਵਾਈ ਹੋਵੇ ਅਤੇ ਉਹਨਾਂ ਨੂੰ ਗਿਰਫਤਾਰ ਕਰਕੇ ਡੂੰਘਾਈ ਵਿੱਚ ਪੜ੍ਹਤਾਲ ਕੀਤੀ ਜਾਵੇ ਤਾਂ ਕਿ ਕੋਈ ਹੋਰ ਅਫ਼ਸਰ ਨੂੰ ਜਾਤੀ ਦੇ ਆਧਾਰ ਤੇ ਹੋਰ ਖੁਦਕਸ਼ੀ ਨਾ ਕਰਨੀ ਪਵੇ। ਸ਼੍ਰੀ ਪ੍ਰਦੀਪ ਜੱਸੀ ਨੇ ਗੱਲਬਾਤ ਕਰਦਿਆਂ ਦੱਸਿਆ ਕੇ ਦੇਸ਼ ਅੰਦਰ ਜਾਤੀ ਦੇ ਆਧਾਰ ਤੇ ਦਲਿਤ ਲੋਕਾਂ ਨੂੰ ਬਹੁਤ ਜ਼ਲੀਲ ਕੀਤਾ ਜਾ ਰਿਹਾ ਹੈ ਪਰ ਦੇਸ਼ ਦੀਆਂ ਅਤੇ ਸੂਬੇ ਦੀਆਂ ਸਰਕਾਰਾਂ ਬਿਲਕੁੱਲ ਚੁੱਪ ਹਨ। ਦੇਸ਼ ਦੇ ਹਾਲਾਤ ਚਿੰਤਾਜਨਕ ਹਨ। ਲੁੱਟ ਖੋਹ ਕਤਲੇਆਮ ਹਰ ਰੋਜ਼ ਹੋ ਰਹੇ ਹਨ। ਸ਼੍ਰੀ ਜੱਸੀ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਦੇਸ ਅਤੇ ਸੂਬਿਆਂ ਦੇ ਹਲਾਤ ਵਧੀਆ ਕਰਨ ਲਈ ਬਹੁਜਨ ਸਮਾਜ ਪਾਰਟੀ ਦੇ ਹੱਥ ਵਿੱਚ ਸੱਤਾ ਦੀ ਚਾਬੀ ਦਿਉ ਤਾਂ ਹਰ ਇੱਕ ਦੇਸ਼ ਵਾਸੀ ਸੁੱਖ ਚੈਨ ਦੀ ਜ਼ਿੰਦਗੀ ਬਤੀਤ ਕਰੇਗਾ।

# ਆਦਰਸ਼ ਸੋਸ਼ਲ ਵੈਲਫੇਅਰ ਸੋਸਾਇਟੀ ਪੰਜਾਬ ਵਲੋਂ ਗੜ੍ਹੀ ਮੱਟੋ ਸਕੂਲ 'ਚ ਗ੍ਰੀਨ ਦੀਵਾਲੀ ਜਾਗਰੂਕਤਾ ਸੈਮੀਨਾਰ ਕਰਵਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਸਰਕਾਰੀ ਹਾਈ ਸਕੂਲ ਗੜ੍ਹੀ ਮੱਟੋਂ ਵਿੱਚ ਗਰੀਨ ਦੀਵਾਲੀ ਦੇ ਸਬੰਧ ਵਿੱਚ ਜਾਗਰੁਕਤਾ ਸੈਮੀਨਾਰ ਕਰਵਾਇਆ ਗਿਆ। ਜਿਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਡਾ. ਹਰਿਕ੍ਰਿਸ਼ਨ ਬੰਗਾ ਜਨਰਲ ਸਕੱਤਰ ਪੰਜਾਬ, ਐਡਵੋਕੇਟ ਜਸਪ੍ਰੀਤ ਬਾਜਵਾ ਜਿਲ੍ਹਾ ਵਾਈਸ ਪ੍ਰਧਾਨ ਜ਼ਿਲ੍ਹਾ ਨਵਾਂਸ਼ਹਿਰ, ਮਲਕੀਤ ਕੌਰ ਜੰਡੀ ਜਿਲ੍ਹਾ ਸਕਤੱਰ, ਕਮਲਦੇਵ , ਸੰਤੋਖ ਸਿੰਘ ਜੁਆਇੰਟ ਸਕੱਤਰ ਬਲਾਕ, ਸ਼ਿਵਦੇਵ ਰਾਣਾ, ਜਸਵੰਤ ਸਿੰਘ ਰੇਂਜ ਅਫਸਰ ਵਣ ਵਿਭਾਗ, ਅਨੁਰਾਗ ਸ਼ਰਮਾ ਮੋਟਿਵੇਟਰ ਵਣ ਵਿਭਾਗ, ਸੁਭਾਸ਼ ਚੰਦ ਵਣ ਰੱਖਿਅਕ ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਨੇ ਵਾਤਾਵਰਣ ਨੂੰ ਬਚਾਉਣ ਲਈ ਸਾਨੂੰ ਆਪਣੇ ਇਰਦ ਗਿਰਦ ਖ਼ਾਲੀ ਥਾਂਵਾਂ ਤੇ ਬੂਟੇ ਲਗਾਉਣੇ ਉਹ ਸਾਨੂੰ ਤੰਦਰੁਸਤ ਹਵਾ ਪ੍ਰਦਾਨ ਕਰਦੇ ਹਨ ।ਸਾਨੂੰ ਆਪਣੇ ਰਿਸ਼ਤੇਦਾਰਾਂ ਨੂੰ ਦੀਵਾਲੀ ਦੇ ਮੌਕੇ ਗਿਫ਼ਟ ਦੇ ਰੂਪ ਵਿੱਚ ਫਲਦਾਰ ਬੂਟੇ ਦੇਣ ਦੀ ਪ੍ਰਥਾ ਚਲਾਉਣੀ ਚਾਹੀਦੀ ਹੈ। ਡਾਕਟਰ ਹਰਿਕ੍ਰਿਸ਼ਨ ਬੰਗਾ ਨੇ ਸੂਬੇ ਚ ਹੜ੍ਹ ਆਉਣ ਦਾ ਮੁੱਖ ਕਾਰਨ ਅੰਨੇਵਾਹ ਦਰੱਖਤਾਂ ਦੀ ਕਟਾਈ ਹੈ ਇਸ ਤੇ ਪੂਰਨ ਤੌਰ ਤੇ ਰੋਕ ਲਗਾਈ ਜਾਣੀ ਚਾਹੀਦੀ ਹੈ ਅਤੇ ਜੰਗਲਾਂ ਨੂੰ ਬਚਾਉਣ ਲਈ ਸਖ਼ਤ ਕਾਨੂੰਨ ਬਣਾਉਣੇ ਚਾਹੀਦੇ ਹਨ। ਵਣ ਵਿਭਾਗ ਤੋਂ ਮੋਟਿਵੇਟਰ ਅਨੁਰਾਗ ਸ਼ਰਮਾ ਨੇ ਸੁਸਾਇਟੀ ਵੱਲੋਂ ਕੀਤੇ ਗਏ ਇਸ ਆਯੋਜਨ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਇਹੋ ਜਿਹੇ ਆਯੋਜਨ ਵੱਡੇ ਪੱਧਰ ਤੇ ਕੀਤੇ ਜਾਣੇ ਚਾਹੀਦੇ ਹਨ। ਸੁਸਾਇਟੀ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਦੂਸ਼ਿਤ ਹਵਾ ਕਾਰਨ ਅੱਜ ਹਰ ਘਰ ਨੂੰ ਗੰਭੀਰ ਬਿਮਾਰੀ ਨੇ ਘੇਰਿਆ ਹੋਇਆ ਹੈ, ਹਰ ਚੌਥਾ ਵਿਅਕਤੀ ਕੈਂਸਰ ਵਰਗੀ ਭਿਆਨਕ ਨਾਲ ਪੀੜ੍ਹਤ ਹੈ, ਜੇਕਰ ਇਸ ਚ ਸੁਧਾਰ ਨਾ ਕੀਤਾ ਗਿਆ ਤਾਂ ਇਸ ਦੇ ਹੋਰ ਵੀ ਗੰਭੀਰ ਨਤੀਜੇ ਸਾਹਮਣੇ ਆ ਸਕਦੇ ਹਨ। ਐਡਵੋਕੇਟ ਜਸਪ੍ਰੀਤ ਬਾਜਵਾ ਨੇ ਆਪਣੀਆਂ ਕਵਿਤਾਵਾਂ ਰਾਹੀਂ ਬੱਚਿਆਂ ਨੂੰ ਪਟਾਕਾ ਰਹਿਤ ਦੀਵਾਲੀ ਮਨਾਉਣ ਦਾ ਸੰਦੇਸ਼ ਦਿੱਤਾ। ਮਾਸਟਰ ਪਰਜਿੰਦਰ ਸਿੰਘ ਨੇ ਆਏ ਹੋਏ ਮਹਿਮਾਨਾ ਦਾ ਇਸ ਵਿਸ਼ੇਸ਼ ਆਯੋਜਨ ਵਿੱਚ ਆਉਣ ਤੇ ਧੰਨਵਾਦ ਕੀਤਾ। ਇਸ ਮੌਕੇ ਬੱਚਿਆਂ ਚ ਪੇਂਟਿੰਗ ਮੁਕਾਬਲੇ ਵੀ ਕਰਵਾਏ ਗਏ ਅਤੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਨੂੰ ਅਤੇ ਆਏ ਹੋਏ ਮਹਿਮਾਨਾ ਨੂੰ ਬੂਟੇ ਵੀ ਵੰਡੇ ਗਏ । ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਰਮਨਦੀਪ ਕੌਰ,ਮੈਡਮ ਸੁਨੀਤਾ ਦੇਵੀ , ਮੈਡਮ ਰੰਜਨਾ ਦੇਵੀ ਮਾਸਟਰ ਕੁਲਦੀਪ ਸਿੰਘ, ਮਾਸਟਰ ਇੰਦਰਜੀਤ ਸਿੰਘ, ਮਾਸਟਰ ਪਰਜਿੰਦਰ ਸਿੰਘ,ਜਸਵੰਤ ਸਿੰਘ ਰੇਂਜ ਅਫਸਰ, ਅਨੁਰਾਗ ਸ਼ਰਮਾ, ਸ਼ਿਵਦੇਵ ਰਾਣਾ, ਸੰਤੋਖ ਸਿੰਘ, ਕਮਲਦੇਵ,ਮਲਕੀਤ ਕੌਰ ਜੰਡੀ,ਐਡਵੋਕੇਟ ਜਸਪ੍ਰੀਤ ਬਾਜਵਾ, ਸੁਰਜੀਤ ਸਿੰਘ, ਸੀਮਾ ਰਾਣੀ, ਅਤੇ ਹੋਰ ਪਤਵੰਤੇ ਹਾਜਰ ਸਨ।



# (ਰਸੋਈ ਹੋ ਗਈ ਚੁੱਪ ਜਦੋਂ)

ਘਰ ਦੀ ਰਸੋਈ ਚੁੱਪ ਹੋ ਗਈ, ਤਾਂ ਪਰਿਵਾਰ ਬਿਖਰਨੇ ਸ਼ੁਰੂ ਹੋ ਜਾਣਗੇ। ਜਦੋਂ ਤੋਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਵਿਦੇਸ਼ਾਂ ਨੂੰ ਪ੍ਰਵਾਸ ਹੋਣਾ ਸ਼ੁਰੂ ਹੋ ਗਿਆ, ਘਰਾਂ ਵਿੱਚ ਇਕੱਲਤਾ ਦਾ ਅਹਿਸਾਸ ਹੋਣ ਲੱਗਿਆ। ਆਪਸ ਵਿੱਚ ਪਿਆਰ ਮੋਹ ਦੀ ਘਾਟ ਵੀ ਹੋਣ ਲੱਗੀ। ਗੱਲਾਂ ਵੀ ਔੜ੍ਹਨੋਂ ਹਟ ਗਈਆਂ। ਮਾਨਸਿਕ ਤਣਾਓ ਵੀ ਵਿਗੜਨ ਲੱਗੇ। ਜਦੋਂ ਮਨ ਦਾ ਤਵਾਜਨ ਖਰਾਬ ਹੋਣ ਲੱਗਿਆ, ਜੁਰਮ ਵੀ ਵਧਣ ਲੱਗੇ। ਘਰ ਦਾ ਖਾਣਾ ਇਕੱਠੇ ਬੈਠ ਕੇ ਖਾਣ ਦਾ ਆਨੰਦ ਖਤਮ ਹੋਣ ਲੱਗਿਆ। ਫਾਸਟ ਫੂਡ ਜਿਵੇਂ ਪੀਜ਼ੇ, ਬਰਗਰ, ਬਾਜ਼ਾਰੀ ਖਾਣੇ, ਚਟਪਟੇ ਖਾਣੇ, ਕਾਹਲ ਦੇ ਵਿੱਚ ਖਾਧੇ ਖਾਣੇ, ਬਦਹਜ਼ਮੀ ਨਾਲ, ਸਮੱਸਿਆ ਪੇਟ ਦੀ ਵਧਾਉਣ ਲੱਗੇ। ਜ਼ਰਾਇਮ ਪੇਸ਼ਾ ਲੋਕ, ਰਾਜਨੀਤੀ ਨਾਲ ਜੁੜ ਕੇ ਸਮਾਜਿਕ ਤੇ ਸਭਿਆਚਾਰਕ ਤਾਣੇ ਬਾਣੇ ਨੂੰ ਤਹਿਸ ਨਹਿਸ ਕਰਨ ਵਿੱਚ ਭੂਮਿਕਾ ਨਿਭਾਉਣ ਲੱਗੇ। ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿਸੇ ਦੇਸ਼ ਦਾ ਭਵਿੱਖ, ਰਸੋਈ ਦੀ ਚੁੱਪ ਕਿਵੇਂ ਬਦਲ ਸਕਦੀ ਹੈ ? ਅਮਰੀਕਾ ਰਾਜ 1970 ਵਿਆਂ ਤੋਂ ਬਾਅਦ 1980 ਵਿੱਚ ਜਿੰਦਾ-ਬੰਦ ਹੋ ਗਿਆ।1970 ਵਿੱਚ, ਦਾਦਾ, ਦਾਦੀ, ਮਾਪੇ ਅਤੇ ਬੱਚੇ ਇਕੱਠੇ ਰਹਿੰਦੇ ਸਨ। ਹਰ ਸ਼ਾਮ ਨੂੰ ਪਰਿਵਾਰ ਆਪਣਾ ਖਾਣਾ ਇਕੱਠਿਆਂ ਬਣਾਉਂਦਾ ਅਤੇ ਖਾਂਦਾ ਸੀ,ਸਿਰਫ ਭੁੱਖ ਹੀ ਨਹੀਂ ਸੀ ਮਿਟਾਉਂਦਾ,ਆਪਸੀ ਸਾਂਝਾ ਅਤੇ ਮਿਲਵਰਤਨ ਵੀ ਬਹੁਤ ਸੀ। 1980 ਤੋਂ ਬਾਅਦ ਯੂਐਸਏ ਵਿੱਚ ਸੰਸਕ੍ਰਿਤਿਕ ਤਬਦੀਲੀ ਆਈ। ਫਾਸਟ ਫੂਡ ਦਾ ਬੋਲਬ-ਾਲਾ ਹੋ ਗਿਆ। ਭੱਜ ਦੌੜ ਦੀ ਜ਼ਿੰਦਗੀ ਵਿੱਚ, ਰੈਸਟੋਰੈਂਟਾਂ ਵਿੱਚ ਖਾਣਾ ਖਾਣ ਦੀ ਰੀਤ ਨੇ ਅੰਗੜਾਈ ਲਈ। ਘਰ ਦਾ ਖਾਣਾ ਅਲੋਪ ਹੋ ਗਿਆ। ਬਜ਼ੁਰਗਾਂ ਦੀਆਂ ਆਵਾਜ਼ਾਂ ਮਧਮ ਪੈ ਗਈਆਂ, ਮਾਪੇ ਵੀ ਬਹੁਤ ਰੁਝੇਵਿਆਂ ਵਿੱਚ ਉਲਝ ਗਏ। ਹਾਏ ਪੈਸਾ, ਹਾਏ ਪੈਸਾ ਹੋ ਗਈ, ਧਨ ਜੋੜਨ ਦੀ ਲਾਲਸਾ ਵਧ ਗਈ। ਸਿਆਣਿਆਂ ਨੇ ਚਿਤਾਵਨੀ ਵੀ ਦਿੱਤੀ ਸੀ, ਉਨ੍ਹਾਂ ਚਿਤਾਵਨੀਆਂ ਨੂੰ ਅੱਖੋਂ ਪਰੋਖੇ ਕਰਨ ਦੇ, ਦਰਦਨਾਕ ਨਤੀਜੇ ਸਾਹਮਣੇ ਆਉਣ ਲੱਗੇ। ਇਕ ਵਿਦਵਾਨ ਮਾਹਿਰ ਨੇ ਕਿਹਾ ਸੀ ਕਿ ਜੇ ਤੁਸੀਂ ਅਪਣੀ ਰਸੋਈ, ਕਾਰਪੋਰੇਸ਼ਨਾਂ ਕੋਲ ਗਿਰਵੀ ਰੱਖ ਦਿੱਤੀ ਅਤੇ ਪਰਿਵਾਰਾਂ ਦੀ ਸਾਂਭ ਸੰਭਾਲ, ਸਰਕਾਰ ਦੇ ਜਿੰਮੇ ਕਰ ਦਿੱਤੀ ਤਾਂ ਪਰਿਵਾਰ ਬਿਖਰ ਜਾਣਗੇ, ਟੁੱਟ ਜਾਣਗੇ। 1971 ਵਿੱਚ 71 ਪ੍ਰਤੀਸ਼ਤ ਪੁਰਾਣੇ ਰਿਵਾਜ ਦੇ ਪਰਿਵਾਰ ਸਨ, ਅੱਜ ਸਿਰਫ 20 ਪ੍ਰਤੀਸ਼ਤ ਰਹਿ ਗਏ ਹਨ। ਬਜ਼ੁਰਗ ਓਲਡਏਜ ਹੋਮਜ਼ ਵਿੱਚ ਹਨ, ਨੌਜਵਾਨ ਕਿਰਾਏ ਦੇ ਫਲੈਟਾਂ ਵਿੱਚ ਇਕੱਲੇ ਰਹਿੰਦੇ ਹਨ, ਬਚਪਨ ਇਕੱਲਤਾ ਹੰਢਾ ਰਿਹਾ ਹੈ। ਤਲਾਕ ਦਰ ਵੱਧਦੀ ਜਾ ਰਹੀ ਹੈ। ਪਹਿਲੀ ਸ਼ਾਦੀ ਤੋਂ ਬਾਅਦ 50 ਪ੍ਰਤੀਸ਼ਤ ਤਲਾਕ, ਦੂਜੀ ਸ਼ਾਦੀ ਤੋਂ ਬਾਅਦ 67 ਪ੍ਰਤੀਸ਼ਤ ਤਲਾਕ, ਤੀਸਰੀ ਸ਼ਾਦੀ ਤੋਂ ਬਾਅਦ74 ਪ੍ਰਤੀਸ਼ਤ ਤਲਾਕ। ਇਹ ਕੋਈ ਮਾਮੂਲੀ ਗੱਲ ਨਹੀਂ ਹੈ। ਇਹ ਸਾਰਾ ਕੁਝ ਸਾਂਝੀ ਰਸੋਈ ਦੇ ਖਤਮ ਹੋਣ ਨਾਲ ਵਾਪਰਿਆ ਹੈ। ਘਰ ਦਾ ਬਣਿਆ ਖਾਣਾ ਮਾਂ ਦੀ ਛੋਹ, ਦਾਦੇ ਦੀ ਸਮਝਦਾਰੀ ਦੀ ਸਲਾਹ ਅਤੇ ਦਾਦੀ ਦੀਆਂ ਕਹਾਣੀਆਂ ਸੁਣਾਉਣ ਨਾਲੋਂ ਕਿਤੇ ਵੱਧ ਜ਼ਿਆਦਾ ਕੈਲੋਰੀਆਂ ਦਿੰਦਾ ਹੈ। ਹੁਣ ਤਾਂ ਖਾਣਾ ਸਵਿਗੀ ਤੋਂ ਜਾਂ ਜ਼ੁਮੈਟੋ ਤੋਂ ਆਉਂਦਾ ਹੈ, ਜਿੱਥੇ ਰਸੋਈ ਮਰ ਗਈ ਹੈ। ਘਰ, ਮਕਾਨ ਵਿੱਚ ਤਬਦੀਲ ਹੋ ਗਿਆ ਹੈ, ਸਿਹਤ ਗਿਰ ਗਈ ਹੈ, ਮੋਟਾਪਾ, ਡਾਇਬਿਟੀਜ਼ ਅਤੇ ਦਿਲ ਦੀਆਂ ਬਿਮਾਰੀਆਂ ਹਾਵੀ ਹੋ ਗਈਆਂ ਹਨ। ਸਿਹਤ ਉਦਯੋਗ ਵਧ ਫੁਲ ਰਿਹਾ ਹੈ। ਪਰ ਇਸ ਰੋਗੀ ਜਾ ਸਕਣ ਵਾਲੇ ਬੁਰਾਈ ਤੋਂ, ਚੰਗੇ ਸੰਸਕਾਰਾਂ ਨਾਲ, ਖਹਿੜਾ ਛੁਡਾਇਆ ਜਾ ਸਕਦਾ ਹੈ। ਜਿਵੇਂ ਕਹਿੰਦੇ,"ਇੱਕ ਚੁੱਪ ਸੌ ਸੁੱਖ,"ਸਿਆਣਿਆਂ ਦਾ ਕਿਹਾ ਸਿਰ ਮੱਥੇ। ਵਿਚਾਰਧਾਰਾ ਜਿੱਥੇ, ਮਿਲਦੀ ਹੋਵੇ, ਬੰਦਾ ਅਪਣਾ ਦੁਖ ਸੁਖ, ਖੁਲ੍ਹ ਕੇ ਦੱਸੇ। ਜਾਪਾਨ ਵਿੱਚ ਅਜੇ ਵੀ ਰਲ ਕੇ ਘਰ ਦਾ ਖਾਣਾ ਖਾਂਦੇ ਹਨ। ਪ੍ਰੀਵਾਰਿਕ ਮੈਂਬਰ ਮਿਲਾਪੜੇ ਹਨ। ਭੂਮੱਧ ਸਾਗਰੀ ਲੋਕਾਂ ਦਾ ਵਿਰਾਸਤੀ ਖਾਣਾ ਅਜੇ ਵੀ ਪਵਿੱਤਰ ਹੈ, ਉਸੇ ਤਰ੍ਹਾਂ ਉਨ੍ਹਾਂ ਦੇ ਆਪਸੀ ਸੰਬੰਧ। ਭਾਰਤ ਵਿੱਚ ਬਾਹਰ ਦਾ ਖਾਣਾ ਖਾਣ ਦੀ, ਨਾਮੁਰਾਦ ਆਦਤ ਨੇ, ਖਤਰੇ ਦੀ ਘੰਟੀ ਵਜਾ ਦਿੱਤੀ ਹੈ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40 ਏ ਚੰਡੀਗੜ੍ਹ। ਫੋਨ ਨੰਬਰ : 9878469639**

# "ਨਰੇਗਾ ਕਾਮਿਆਂ ਨੂੰ ਕੰਮ ਦਿਓ ਜਾਂ ਭੱਤਾ ਦਿਓ"- ਕਾਮਰੇਡ ਵੀਰ ਸਿੰਘ ਕੰਮੇਆਣ





**ਫਰੀਦਕੋਟ (ਸਮਾਜ ਵੀਕਲੀ)** "ਨਰੇਗਾ ਕਾਮਿਆਂ ਵੱਲੋਂ ਦਿੱਤੀਆਂ ਜਾਂਦੀਆਂ ਕੰਮ ਅਰਜ਼ੀਆਂ ਦੀ ਰਸੀਦ ਨਾ ਦੇਣਾ 'ਨਰੇਗਾ ਕਾਨੂੰਨ 2005' ਦੀ ਉਲੰਘਣਾ ਹੈ । ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਇਹ ਗੱਲ ਸਥਾਨਕ ਮਿਨੀ ਸਕੱਤਰੇਤ ਵਿਖੇ ਬਲਾਕ ਫ਼ਰੀਦਕੋਟ ਦੇ ਵਖ-ਵਖ ਪਿੰਡਾਂ ਤੋਂ ਆਏ ਨਰੇਗਾ ਕਾਮਿਆਂ ਦੇ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਜੱਥੇਬੰਦੀ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਨੇ ਕਹੇ। ਉਨਾਂ ਕਿਹਾ ਕਿ ਜੇ ਮੰਗ ਅਨੁਸਾਰ ਕੰਮ ਨਹੀਂ ਦਿੱਤਾ ਗਿਆ ਤਾਂ ਹਰ ਕਾਮਾ ਬੇਰੁਜ਼ਗਾਰੀ ਭੱਤੇ ਦਾ ਹੱਕਦਾਰ ਹੈ ਜਿਸ ਲਈ ਕਾਮੇ ਵੱਲੋਂ ਭਰ ਕੇ ਦਿੱਤੇ ਫਾਰਮ ਦੀ ਰਸੀਦ ਵੀ ਉਸ ਨੂੰ ਦੇਣੀ ਬਣਦੀ ਹੈ। ਸੀਪੀਆਈ ਦੇ ਜਿਲਾ ਸਕੱਤਰ ਅਸ਼ੋਕ ਕੌਸ਼ਲ ਨੇ ਕਿਹਾ ਕਿ ਕਿੰਨੇ ਅਫਸੋਸ ਦੀ ਗੱਲ ਹੈ ਕਿ ਜਦੋਂ ਸਰਦੇ ਪੁਜਦੇ ਪਰਿਵਾਰ ਦਿਵਾਲੀ ਦੇ ਵੱਡੇ ਤਿਉਹਾਰ ਦੀ ਜੋਰ ਸ਼ੋਰ ਨਾਲ ਤਿਆਰੀ ਵਿੱਚ ਜੁਟੇ ਹੋਏ ਹਨ, ਨਰੇਗਾ ਮਜਦੂਰ ਬੀਬੀਆਂ ਭੈਣਾਂ ਨੂੰ ਜ਼ਿਲਾ ਪ੍ਰਸ਼ਾਸਨ ਅਤੇ ਸਰਕਾਰਾਂ ਨੂੰ ਇਹ ਦੱਸਣਾ ਪੈ ਰਿਹਾ ਹੈ ਕਿ ਨਰੇਗਾ ਕੰਮ ਸ਼ੁਰੂ ਨਾ ਹੋਣ ਕਰਕੇ ਉਨਾਂ ਦੀ ਦਿਵਾਲੀ ਵੀ ਫਿੱਕੀ ਹੈ ਅਤੇ ਚੁੱਲ੍ਹੇ ਵੀ ਠੰਡੇ ਹਨ। ਰੋਸ ਰੈਲੀ ਨੂੰ ਕਾਮਰੇਡ ਗੁਰਨਾਮ ਸਿੰਘ ਸਰਪੰਚ ਮਾਨੀ ਵਾਲਾ, ਬਿਜਲੀ ਨਿਗਮ ਦੇ ਪੈਨਸ਼ਨਰ ਆਗੂ ਹਰਪਾਲ ਸਿੰਘ ਮਚਾਕੀ, ਕੁਲ ਹਿੰਦ ਕਿਸਾਨ ਸਭਾ ਦੇ ਸੁਖਜਿੰਦਰ ਸਿੰਘ ਤੂੰਬੜਭੰਨ, ਮੁਖਤਿਆਰ ਸਿੰਘ ਭਾਣਾ, ਬੋਰਡ ਦੇ ਬਲਕਾਰ ਸਿੰਘ ਸਹੋਤਾ, ਗੁਰਦੀਪ ਸਿੰਘ ਕੰਮੇਆਣਾ, ਸ਼ਿਵ ਨਾਥ ਦਰਦੀ, ਨਰੇਗਾ ਮੇਟ ਬੀਬੀਆਂ ਪਰਮਜੀਤ ਕੌਰ ਅਤੇ ਲਵਪ੍ਰੀਤ ਕੌਰ ਪਿਪਲੀ, ਅੰਜੂ ਕੌਰ ਰਾਜੋਵਾਲਾ, ਸੁਖਾ ਸਿੰਘ ਰਤੀ ਰੋੜੀ, ਸੁਖਜੀਤ ਕੌਰ ਕਿਲਾ ਨੌ, ਕੋਮਲ ਕੌਰ ਮਚਾਕੀ ਮਲ ਸਿੰਘ, ਨੱਥਾ ਸਿੰਘ ਅਰਾਈਆਂਵਾਲਾ, ਕਰਮਜੀਤ ਕੌਰ ਗੋਲੇਵਾਲਾ, ਸਿਮਰਨਜੀਤ ਕੌਰ ਰੁਪਈਆਂ ਵਾਲਾ, ਨੇਹਾ ਕੌਰ, ਦਰਸ਼ਨ ਸਿੰਘ ਪੱਕਾ, ਗੁਰਵਿੰਦਰ ਮਚਾਕੀ, ਗੁਰਮੇਲ ਸਿੰਘ ਡਗੋ ਰੋਮਾਣਾ, ਗੁਰਭੇਜ ਸਿੰਘ ਦਾਨਾ ਰੋਮਾਣਾ ਆਦਿ ਨੇ ਸੰਬੋਧਨ ਕੀਤਾ। ਕਾਰਜਕਾਰੀ ਮੈਜਿਸਟ੍ਰੇਟ ਗੋਇਲ ਸਾਹਿਬ ਨੇ ਧਰਨੇ ਵਿੱਚ ਪਹੁੰਚ ਕੇ ਡਿਪਟੀ ਕਮਿਸ਼ਨਰ ਫਰੀਦਕੋਟ ਵੱਲੋਂ ਮੰਗ ਪੱਤਰ ਪ੍ਰਾਪਤ ਕੀਤਾ। ਆਗੂਆਂ ਨੇ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਐਲਾਨ ਕੀਤਾ ਕਿ ਜੇ ਨਰੇਗਾ ਕਾਮਿਆਂ ਨਾਲ ਬੇਇਨਸਾਫ਼ੀ ਬੰਦ ਨਾ ਕੀਤੀ ਤਾਂ ਲੰਬਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਜਨਗਣਨਾ-2027 ਦੀ ਤਿਆਰੀ ਸਬੰਧੀ ਹੋਈ ਮੀਟਿੰਗ, ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦਿੱਤੇ ਦਿਸ਼ਾ-ਨਿਰਦੇਸ਼



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਅੱਜ ਹੁਸ਼ਿਆਰਪੁਰ ਵਿਚ ਜਨਗਣਨਾ-2027 ਦੀ ਤਿਆਰੀ ਸਬੰਧੀ ਇਕ ਮਹੱਤਵਪੂਰਨ ਮੀਟਿੰਗ ਕੀਤੀ ਗਈ। ਇਹ ਮੀਟਿੰਗ ਭਾਰਤ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕੀਤੀ ਗਈ, ਜਿਸ ਵਿਚ ਜਨਗਣਨਾ ਵਿਭਾਗ ਚੰਡੀਗੜ੍ਹ ਤੋਂ ਸਹਾਇਕ ਡਾਇਰੈਕਟਰ ਸਵਦੇਸ਼ ਪ੍ਰਤਾਪ ਸਿੰਘ ਅਤੇ ਜ਼ਿਲ੍ਹਾ ਇੰਚਾਰਜ ਅੰਕਿਤ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਜਨਗਣਨਾ ਵਿਭਾਗ ਵੱਲੋਂ ਹਾਲ ਹੀ ਵਿਚ ਜਾਰੀ ਸਰਕੂਲਰਾਂ, ਅਧਿਕਾਰ ਖੇਤਰ ਢਾਂਚਾ, ਪੇਂਡੂ-ਸ਼ਹਿਰੀ ਵਰਗੀਕਰਨ, ਬਾਹਰੀ ਵਿਕਾਸ ਖੇਤਰ ਅਤੇ ਸ਼ਹਿਰੀ ਸਮੂਹੀਕਰਨ ਅਤੇ ਬੇਸ ਮੈਪ ਦੀ ਅਪਡੇਟਿੰਗ ਦੇ ਬਾਰੇ ਵਿਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਧਿਕਾਰੀਆਂ ਨੇ ਕਿਹਾ ਇਨ੍ਹਾਂ ਬਿੰਦੂਆਂ ਨੂੰ ਸਹੀ ਅਤੇ ਸਮੇਂ ਸਿਰ ਅੱਪਡੇਟ ਕਰਨਾ ਜਨਗਣਨਾ-2027 ਦੀ ਸਫਲਤਾ ਦੇ ਲਈ ਜ਼ਰੂਰੀ ਹੈ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਹਾਜ਼ਰ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪੇਂਡੂ ਖੇਤਰਾਂ ਵਿਚ ਤਹਿਸੀਲਦਾਰਾਂ ਅਤੇ ਸ਼ਹਿਰੀ ਖੇਤਰਾਂ ਵਿਚ ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵੱਲੋਂ ਭੇਜੀਆਂ ਗਈਆਂ ਰਿਪੋਰਟਾਂ ਦੀ ਮੁੜ ਜਾਂਚ ਕੀਤੀ ਜਾਵੇ। ਲੋੜੀਂਦੇ ਸੁਧਾਰ ਕਰਨ ਅਤੇ ਸੋਧੀਆਂ ਰਿਪੋਰਟਾਂ ਨੂੰ ਤੁਰੰਤ ਜਨਗਣਨਾ ਭਵਨ ਨੂੰ ਭੇਜਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਕਿਹਾ ਕਿ ਇਸ ਕੰਮ ਨੂੰ ਪੂਰੀ ਗੰਭੀਰਤਾ, ਸ਼ੁੱਧਤਾ ਅਤੇ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕੀਤਾ ਜਾਵੇ, ਤਾਂ ਜੋ ਜਨਗਣਨਾ ਪ੍ਰਕਿਰਿਆ ਵਿਚ ਦੇਰੀ ਨਾ ਹੋਵੇ।

## ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਵੱਲੋਂ ਸਫਾਈ ਸੇਵਕ ਵਿੰਗ ਦਾ ਕੀਤਾ ਗਠਨ!



**ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਪ੍ਰਧਾਨ ਰਜਿੰਦਰ ਗਿੱਲ ਨੇ ਦਿੱਤੇ ਨਿਯੁਕਤੀ ਪੱਤਰ !**

**ਹੁਸ਼ਿਆਰਪੁਰ/ਅਲਾਵਲਪੁਰ, (ਤਰਸੇਮ ਦੀਵਾਨਾ)** ਡੈਮੋਕ੍ਰੇਟਿਕ ਭਾਰਤੀ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਰਜਿੰਦਰ ਗਿੱਲ ਨੇ ਪਾਰਟੀ ਦੀ ਅਗਵਾਈ ਸੰਭਾਲਣ ਤੋਂ ਬਾਅਦ ਦੇਸ਼ ਭਰ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਜ਼ੋਰਦਾਰ ਢੰਗ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਮਿਹਨਤੀ ਅਤੇ ਇਮਾਨਦਾਰ ਵਿਅਕਤੀਆਂ ਨੂੰ ਸ਼ਾਮਲ ਕੀਤਾ ਜਾਵੇਗਾ, ਇਹ ਕਦਮ ਉਨ੍ਹਾਂ ਨੇ ਸਫਾਈ ਸੇਵਕਾਂ ਲਈ ਇੱਕ ਵਿੰਗ ਬਣਾ ਕੇ ਸ਼ੁਰੂ ਕੀਤਾ। ਉਨ੍ਹਾਂ ਨੇ ਅਲਾਵਲਪੁਰ ਵਿੱਚ ਪਾਰਟੀ ਦੇ ਮੁੱਖ ਦਫਤਰ ਵਿਖੇ ਨਿਯੁਕਤੀ ਪੱਤਰ ਵੀ ਸੌਂਪੇ ਅਤੇ ਕਿਹਾ ਕਿ ਪਾਰਟੀ ਸਫਾਈ ਸੇਵਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕੋਈ ਕਸਰ ਨਹੀਂ ਛੱਡੇਗੀ। ਇਸ ਮੌਕੇ ਉਨ੍ਹਾਂ ਨੇ ਸੰਦੀਪ ਕੁਮਾਰ ਨੂੰ ਜਨਰਲ ਸਕੱਤਰ ਪੰਜਾਬ, ਕੰਵਲਜੀਤ ਨਾਹਰ ਨੂੰ ਚੇਅਰਮੈਨ ਜਲੰਧਰ, ਰਾਜੇਸ਼ ਕੁਮਾਰ ਨੂੰ ਪ੍ਰਧਾਨ ਜ਼ਿਲ੍ਹਾ ਜਲੰਧਰ, ਸੁਖਵੀਰ ਸਿੰਘ ਚੌਹਾਨ ਨੂੰ ਪ੍ਰਧਾਨ ਹੁਸ਼ਿਆਰਪੁਰ, ਹਰੀ ਸਿੰਘ ਚੌਹਾਨ ਨੂੰ ਜਨਰਲ ਸਕੱਤਰ ਹੁਸ਼ਿਆਰਪੁਰ, ਜਗਦੀਸ਼ ਸਿੰਘ ਨੂੰ ਬਲਾਕ ਪ੍ਰਧਾਨ ਮੁਕੇਰੀਆਂ, ਸੁਮਨ ਨੂੰ ਪ੍ਰਧਾਨ ਆਦਮਪੁਰ, ਵਿਕਰਮ ਸਿੰਘ ਨੂੰ ਪ੍ਰਧਾਨ, ਸੋਨੂੰ ਗੁਰਦਾਸ ਨੂੰ ਪ੍ਰਧਾਨ ਜ਼ਿਲ੍ਹਾ ਜਲੰਧਰ, ਟੀ.ਦਾਸ ਨੂੰ ਪ੍ਰਧਾਨ ਕਪੂਰਥਲਾ, ਸਤੀਸ਼ ਨੂੰ ਚੇਅਰਮੈਨ ਆਦਮਪੁਰ, ਗੰਗਾ ਰਾਮ ਨੂੰ ਪ੍ਰਧਾਨ ਕਰਤਾਰਪੁਰ, ਰਣਜੀਤ ਨੂੰ ਮੀਤ ਪ੍ਰਧਾਨ ਮੁਕੇਰੀਆਂ, ਸੁਨੀਲ ਨੂੰ ਜਨਰਲ ਸਕੱਤਰ ਮੁਕੇਰੀਆਂ, ਸਤਪਾਲ ਨੂੰ ਮੀਤ ਪ੍ਰਧਾਨ ਆਦਮਪੁਰ, ਜੰਮੂ ਨੂੰ ਮੀਤ ਪ੍ਰਧਾਨ ਜਲੰਧਰ, ਉਦੈ ਸਿੰਘ ਨੂੰ ਪ੍ਰਧਾਨ ਭੋਗਪੁਰ ਅਤੇ ਨੇਹਾ ਨੂੰ ਜਨਰਲ ਸਕੱਤਰ ਮਹਿਲਾ ਵਿੰਗ ਜ਼ਿਲ੍ਹਾ ਜਲੰਧਰ ਨਿਯੁਕਤ ਕੀਤਾ ਗਿਆ।

**ਫੋਟੋ ਅਜਮੇਰ ਦੀਵਾਨਾ**

# ਤਰਨ ਤਾਰਨ ਜਿਮਨੀ ਚੋਣ 'ਚ ਸ਼ੋਮਣੀ ਅਕਾਲੀ ਦਲ ਬਾਦਲ ਕਰੇਗਾ ਭਾਰੀ ਬਹੁਮਤ ਨਾਲ ਜਿੱਤ ਹਾਸਲ:ਗੁਰਪ੍ਰੀਤ ਗੁੱਜਰ ਰੈਲਮਾਜਰਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਤਰਨ ਤਾਰਨ ਜਿਮਨੀ ਚੋਣ ਵਿੱਚ ਜਿੱਥੇ ਵੱਖ-ਵੱਖ ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਐਲਾਨੇ ਗਏ ਹਨ ਤਾਂ ਅਲੱਗ-ਅਲੱਗ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਗਿਆ ਹੈ ਇਸ ਮੌਕੇ ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਲਕਾ ਬਲਾਚੌਰ ਤੋਂ ਸ਼ੋਮਣੀ ਅਕਾਲੀ ਬਾਦਲ ਦੇ ਯੂਥ ਆਗੂ ਗੁਰਪ੍ਰੀਤ ਗੁੱਜਰ ਰੈਲਮਾਜਰਾ ਨੇ ਕਿਹਾ ਕਿ ਤਰਨ ਤਾਰਨ ਜਿਮਨੀ ਚੋਣ ਸ਼ੋਮਣੀ ਅਕਾਲੀ ਦਲ ਬਾਦਲ ਭਾਰੀ ਬਹੁਮਤ ਨਾਲ ਜਿੱਤੇਗਾ ਇਸ ਮੌਕੇ ਤੇ ਉਹਨਾਂ ਨੇ ਕਿਹਾ ਕਿ ਪੰਜਾਬ ਦੀ ਇੱਕੋ ਹੀ ਖੇਤਰੀ ਪਾਰਟੀ ਸ਼ੋਮਣੀ ਅਕਾਲੀ ਦਲ ਬਾਦਲ ਜੋ ਕਿ ਪੰਜਾਬ ਦੇ ਵਿਕਾਸ ਲਈ ਸ਼ੁਰੂ ਤੋਂ ਹੀ ਕੰਮ ਕਰਦੀ ਆ ਰਹੀ ਹੈ ਜੋ ਲੋਕਾਂ ਦੇ ਦੁੱਖ ਸੁੱਖ ਵਿੱਚ ਹਮੇਸ਼ਾ ਹੀ ਖੜ੍ਹੀ ਰਹਿੰਦੀ ਹੈ ਇਸ ਲਈ



ਉਹਨਾਂ ਨੇ ਕਿਹਾ ਕਿ ਪੰਜਾਬ ਦੀ ਮਜਬੂਤੀ ਲਈ ਸਿਰਫ ਸ਼ੋਮਣੀ ਅਕਾਲੀ ਦਲ ਬਾਦਲ ਹੀ ਇੱਕ ਅਜਿਹੀ ਪਾਰਟੀ ਹੈ ਜੋ ਪੰਜਾਬ ਨੂੰ ਵਿਕਾਸ ਦੇ ਰਾਹ ਤੇ ਲਿਆ ਸਕਦੀ ਹੈ ਹੈ ਇਸ ਮੌਕੇ ਤੇ ਉਹਨਾਂ ਨੇ ਤਰਨ ਤਾਰਨ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸ਼ੋਮਣੀ ਅਕਾਲੀ ਦਲ ਵੱਲੋਂ ਐਲਾਨੇ ਗਏ ਉਮੀਦਵਾਰ ਨੂੰ ਜਿਮਨੀ ਚੋਣ ਵਿੱਚ ਭਾਰੀ ਬਹੁਮਤ ਨਾਲ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ ਜਾਵੇ ਤਾਂ ਜੋ ਤਰਨ ਤਾਰਨ ਦੇ ਲੋਕਾਂ ਦੇ ਮਸਲਿਆਂ ਨੂੰ ਸ਼ੋਮਣੀ ਅਕਾਲੀ ਦਲ ਦਾ ਜਿੱਤਿਆ ਹੋਇਆ ਉਮੀਦਵਾਰ ਲੋਕਾਂ ਦੀ ਆਵਾਜ਼ ਵਿਧਾਨ ਸਭਾ ਦੇ ਵਿੱਚ ਚੱਕ ਸਕੇ।

# ਦਲਿਤਾਂ ਖਿਲਾਫ ਅੱਤਿਆਚਾਰਾਂ ਦੇ ਮੁੱਦਿਆਂ 'ਤੇ ਬਸਪਾ ਦਾ ਪ੍ਰਦਰਸ਼ਨ

## ●ਚੀਫ ਜਸਟਿਸ ਤੇ ਪੁਲਿਸ ਅਫਸਰ ਪੂਰਨ ਕੁਮਾਰ ਨਾਲ ਜੁੜੀਆਂ ਘਟਨਾਵਾਂ 'ਤੇ ਰੋਸ ਪ੍ਰਗਟ ਕੀਤਾ ●ਬਸਪਾ ਨੇ ਕਿਹਾ-ਪੰਜਾਬ ਵਿੱਚ ਦਲਿਤਾਂ 'ਤੇ ਕੀਤੇ ਜਾ ਰਹੇ ਜ਼ੁਲਮ ●ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ

**ਜਲੰਧਰ।** ਆਈਪੀਐਸ ਵਾਈ ਪੂਰਨ ਕੁਮਾਰ ਵੱਲੋਂ ਕੀਤੀ ਆਤਮਹੱਤਿਆ ਦੇ ਮਾਮਲੇ ਵਿੱਚ ਅੱਜ ਸੋਮਵਾਰ ਨੂੰ ਬਹੁਜਨ ਸਮਾਜ ਪਾਰਟੀ (ਬਸਪਾ) ਨੇ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਪ੍ਰਦਰਸ਼ਨ ਕੀਤੇ। ਇਸ ਤੋਂ ਬਾਅਦ ਰਾਸ਼ਟਰਪਤੀ ਦੇ ਨਾਂ 'ਤੇ ਮੈਮੋਰੰਡਮ ਦਿੱਤੇ ਗਏ।

ਹੁਸ਼ਿਆਰਪੁਰ ਵਿੱਚ ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਪ੍ਰਦਰਸ਼ਨ ਦੀ ਅਗਵਾਈ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ, ਠੇਕੇਦਾਰ ਭਗਵਾਨ ਦਾਸ ਸਿੱਧੂ ਤੇ ਦਲਜੀਤ ਰਾਏ ਵੀ ਸਨ। ਜਲੰਧਰ ਵਿੱਚ ਸੂਬਾ ਕੋਆਰਡੀਨੇਟਰ ਤੀਰਥ ਰਾਜਪੁਰਾ, ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਤੇ ਗੁਰਮੇਲ ਚੁੰਬਰ ਨੇ ਅਗਵਾਈ ਕੀਤੀ। ਇਸ ਮੌਕੇ ਬਸਪਾ ਆਗੂਆਂ ਨੇ ਕਿਹਾ ਕਿ ਚੀਫ ਜਸਟਿਸ ਆਫ਼ ਇੰਡੀਆ ਵੱਲ ਜੁੱਤੀ ਸੁੱਟਣ ਦੀ ਕੋਸ਼ਿਸ਼ ਤੇ ਪੁਲਿਸ ਅਫਸਰ ਪੂਰਨ ਕੁਮਾਰ ਵੱਲੋਂ ਆਤਮਹੱਤਿਆ ਕਰਨ ਦੀਆਂ ਇਹ ਦੋਵੇਂ ਘਟਨਾਵਾਂ ਬਹੁਤ ਹੀ ਨਿੰਦਣਯੋਗ ਹਨ। ਬਸਪਾ ਆਗੂਆਂ ਨੇ ਕਿਹਾ ਕਿ ਦੇਸ਼ ਭਰ ਵਿੱਚ ਅੱਜ ਵੀ ਜਾਤੀ ਭੇਦਭਾਵ ਹੋ ਰਿਹਾ ਹੈ ਤੇ ਰੋਜ਼ਾਨਾ ਹੀ ਦਲਿਤ-ਪੱਛੜੇ ਵਰਗਾਂ 'ਤੇ ਅੱਤਿਆਚਾਰ ਹੁੰਦਾ ਹੈ। ਹਾਲਾਂਕਿ ਬਹੁਤੀ ਵਾਰ ਇਹ ਘਟਨਾਵਾਂ ਅਣਗੌਲੀਆਂ ਹੀ ਚਲੀਆਂ ਜਾਂਦੀਆਂ ਹਨ, ਪਰ ਪੂਰਨ ਕੁਮਾਰ ਦੀ ਆਤਮਹੱਤਿਆ ਤੇ ਜਾਤੀ ਭੇਦਭਾਵ ਦੀਆਂ ਘਟਨਾਵਾਂ ਨੇ ਫੇਰ ਸਾਰਿਆਂ ਦਾ ਧਿਆਨ ਇੱਧਰ ਲਿਆਂਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇੱਕ ਆਈਪੀਐਸ ਅਫਸਰ ਨਾਲ ਜਾਤੀ ਭੇਦਭਾਵ ਕੀਤਾ ਜਾ ਰਿਹਾ ਹੈ ਤਾਂ ਆਮ ਦਲਿਤਾਂ ਦੀ ਮਾੜੀ ਸਥਿਤੀ ਦਾ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ। ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬਸਪਾ ਦੀ ਇਹ ਮੰਗ ਹੈ ਕਿ ਪੂਰਨ ਕੁਮਾਰ ਦੇ ਮਾਮਲੇ ਵਿੱਚ ਮਾਣਯੋਗ ਹਾਈਕੋਰਟ ਦੀ ਨਿਗਰਾਨੀ ਹੇਠ ਉੱਚ ਪੱਧਰੀ ਜਾਂਚ ਹੋਵੇ। ਸਾਰੇ ਦੋਸ਼ੀਆਂ ਦੇ ਨਾਂ ਪਰਚੇ ਵਿੱਚ ਦਰਜ ਕੀਤੇ ਜਾਣ। ਪਰਿਵਾਰ ਦੀ ਸੁਰੱਖਿਆ ਕੀਤੀ ਜਾਵੇ ਤੇ ਇਸ ਮਾਮਲੇ ਨੂੰ ਫਾਸਟ



ਟਰੈਕ ਕੋਰਟ ਵਿੱਚ ਚਲਾਇਆ ਜਾਵੇ, ਤਾਂ ਕਿ ਦੋਸ਼ੀਆਂ ਨੂੰ ਜਲਦ ਤੇ ਸਖ਼ਤ ਸਜਾ ਦਿੱਤੀ ਜਾ ਸਕੇ। ਇਸ ਮੌਕੇ 'ਤੇ ਬਸਪਾ ਆਗੂਆਂ ਨੇ ਇਹ ਵੀ ਕਿਹਾ ਕਿ ਜਿਸ ਤਰ੍ਹਾਂ ਹਰਿਆਣਾ ਵਿੱਚ ਭਾਜਪਾ ਦੀ ਸਰਕਾਰ ਵਿੱਚ ਦਲਿਤਾਂ 'ਤੇ ਅੱਤਿਆਚਾਰ ਹੋ ਰਹੇ ਹਨ, ਉਸੇ ਤਰ੍ਹਾਂ ਹੀ ਪੰਜਾਬ ਵਿੱਚ ਆਪ ਦੀ ਸਰਕਾਰ ਵਿੱਚ ਦਲਿਤਾਂ 'ਤੇ ਵੱਡੇ ਪੱਧਰ ਤੇ ਅੱਤਿਆਚਾਰ ਹੋ ਰਹੇ ਹਨ। ਸੰਗਰੂਰ ਵਿੱਚ ਦਲਿਤ ਗਰੀਬ ਔਰਤਾਂ ਨੂੰ ਨਜਾਇਜ਼ ਤੌਰ 'ਤੇ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਭੇਜਿਆ ਗਿਆ। ਇਸੇ ਤਰ੍ਹਾਂ ਹੀ ਜਲੰਧਰ, ਜਿੱਥੇ ਦਲਿਤਾਂ ਦੀ ਕਾਫੀ ਆਬਾਦੀ ਹੈ, ਉੱਥੇ ਵੀ ਆਪ ਸਰਕਾਰ ਤੇ ਪੁਲਿਸ ਅਧਿਕਾਰੀਆਂ ਵੱਲੋਂ ਉਨ੍ਹਾਂ ਨਾਲ ਧੱਕੇਸ਼ਾਹੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਖਿਲਾਫ ਵੱਡੇ ਪੱਧਰ 'ਤੇ ਪੁਲਿਸ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਬਸਪਾ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਦੌਰਾਨ ਜਲੰਧਰ ਵਿੱਚ ਤਿੰਨ ਵਾਰ ਦਲਿਤਾਂ 'ਤੇ ਲਾਠੀਚਾਰਜ ਕੀਤਾ ਜਾ ਚੁੱਕਾ ਹੈ ਤੇ ਉਨ੍ਹਾਂ ਦੀਆਂ ਨਜਾਇਜ਼ ਗ੍ਰਿਫ਼ਤਾਰੀਆਂ ਕੀਤੀਆਂ ਜਾ



ਚੁੱਕੀਆਂ ਹਨ। ਜਲੰਧਰ ਦਿਹਾਤੀ ਪੁਲਿਸ ਵੱਲੋਂ ਦਲਿਤਾਂ 'ਤੇ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ ਤੇ ਇਨ੍ਹਾਂ ਵਿੱਚ ਦਲਿਤਾਂ ਨੂੰ ਨਜਾਇਜ਼ ਤੌਰ 'ਤੇ ਗ੍ਰਿਫਤਾਰ ਕਰਕੇ ਜੇਲ੍ਹ ਭੇਜਿਆ ਜਾ ਰਿਹਾ ਹੈ। ਜਲੰਧਰ ਦਿਹਾਤੀ ਐਸਐਸਪੀ ਹਰਵਿੰਦਰ ਸਿੰਘ ਵਿਰਕ ਵੱਲੋਂ ਉੱਚ ਅਧਿਕਾਰੀਆਂ ਦੀ ਜਾਂਚ ਵਿੱਚ ਬੇਗੁਨਾਹ ਕੀਤੇ ਗਏ ਲੋਕਾਂ ਦਾ ਚਲਾਨ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾਂ ਦਲਿਤਾਂ ਖਿਲਾਫ ਹੋਣ ਵਾਲੇ ਗੰਭੀਰ ਅਪਰਾਧਾਂ ਵਿੱਚ ਵੀ ਜਲਦ ਕਰਵਾਈ ਨਹੀਂ ਕੀਤੀ ਜਾਂਦੀ। ਪੰਜਾਬ ਤੇ ਹਰਿਆਣਾ ਵਿੱਚ ਹੋ ਰਹੀਆਂ ਇਨ੍ਹਾਂ ਘਟਨਾਵਾਂ ਨੂੰ ਲੈ ਕੇ ਦਲਿਤ ਪੱਛੜੇ ਵਰਗਾਂ ਦੇ ਲੋਕਾਂ ਵਿੱਚ ਕਾਫੀ ਰੋਸ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਰਾਸ਼ਟਰਪਤੀ ਨੂੰ ਇਨ੍ਹਾਂ ਘਟਨਾਵਾਂ ਨੂੰ ਧਿਆਨ ਲੈ ਕੇ ਇਨ੍ਹਾਂ ਦੀ ਰੋਕ ਲਈ ਜ਼ਰੂਰੀ ਨਿਰਦੇਸ਼ ਦੇਣੇ ਚਾਹੀਦੇ ਹਨ। ਇਸ ਦੌਰਾਨ ਬਸਪਾ ਆਗੂਆਂ ਨੇ ਹਰਿਆਣਾ ਤੇ ਪੰਜਾਬ ਸਰਕਾਰਾਂ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਨਾਅਰੇਬਾਜੀ ਵੀ ਕੀਤੀ। ਇਸ ਮੌਕੇ 'ਤੇ ਸੂਬਾ ਕੈਸ਼ੀਅਰ ਪਰਮਜੀਤ ਮੱਲ, ਜ਼ਿਲ੍ਹਾ ਦਿਹਾਤੀ ਪ੍ਰਧਾਨ ਜਗਦੀਸ਼ ਸ਼ੇਰਪੁਰੀ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸਲਵਿੰਦਰ ਕੁਮਾਰ, ਖ਼ੁਸ਼ੀ ਰਾਮ ਸਰਪੰਚ, ਵਿਜੈ ਯਾਦਵ, ਜਤਿੰਦਰ ਹੈਪੀ, ਕੌਂਸਲਰ ਦਵਿੰਦਰ ਗੋਗਾ, ਰਣਜੀਤ ਕੁਮਾਰ, ਮਨਦੀਪ ਧਨੋਵਾਲੀ, ਪੰਮੀ ਰੁੜਕਾਂ, ਮਾਸਟਰ ਹਰਜਿੰਦਰ ਕੁਮਾਰ, ਬੀਬੀ ਸਤਨਾਮ ਕੌਰ, ਨਰਿੰਦਰ ਕੌਰ, ਜਸਵੀਰ ਕੌਰ, ਸੁਸ਼ੀਲ ਵਿਰਦੀ, ਅਸ਼ੋਕ ਸਈਪੁਰ, ਅਮਰਜੀਤ ਨੰਗਲ, ਸ਼ਾਦੀ ਲਾਲ ਬੱਲਾਂ, ਕਰਮ ਚੰਦ, ਕਮਲ ਬਾਦਸ਼ਾਹਪੁਰ ਆਦਿ ਵੀ ਹਾਜ਼ਰ ਸਨ।

# ਅਮਰਦੀਪ ਕਾਲਜ ਦਾ ਬੀ.ਕਾਮ. ਸਮੈਸਟਰ ਦੂਸਰਾ ਕਲਾਸ ਦਾ ਨਤੀਜਾ ਸ਼ਾਨਦਾਰ

**ਫਿਲੌਰ/ਅੱਪਰਾ।** ਦੀਪਾ-ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਐਲਾਨੇ ਗਏ ਬੀ. ਕਾਮ. ਸਮੈਸਟਰ ਦੂਸਰਾ ਕਲਾਸ ਦੇ ਨਤੀਜਿਆਂ ਵਿੱਚ ਅਮਰਦੀਪ ਸਿੰਘ ਸ਼ੇਰਗਿੱਲ ਮੈਮੋਰੀਅਲ ਕਾਲਜ, ਮੁਕੰਦਪੁਰ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਾਲਜ ਪ੍ਰਿੰਸੀਪਲ ਮਨਜੀਤ ਸਿੰਘ ਨੇ ਦੱਸਿਆਂ ਕਿ ਵਿਦਿਆਰਥਣ ਗੁਰਸਿਮਰਨ ਕੌਰ ਸਪੁੱਤਰੀ ਸ੍ਰੀ ਸੁਰਿੰਦਰ ਪਾਲ ਵਾਸੀ ਪਿੰਡ ਦੁਸਾਂਝ ਕਲਾਂ ਅਤੇ ਵਿਦਿਆਰਥਣ ਮੁਸਕਾਨ ਸਪੁੱਤਰੀ ਸ੍ਰੀ ਧਰਮਜੀਤ ਸਿੰਘ ਵਾਸੀ ਪਿੰਡ ਚੱਕ ਕਲਾਲ ਨੇ 80 ਪ੍ਰਤੀਸ਼ਤ ਅੰਕ ਹਾਸਲ ਕਰਕੇ ਸਾਂਝੇ ਤੌਰ ਤੇ ਕਲਾਸ ਵਿਚੋਂ ਪਹਿਲਾ ਸਥਾਨ ਹਾਸਲ ਕੀਤਾ। ਵਿਦਿਆਰਥਣ ਹਿਮਾਨੀ ਸਪੁੱਤਰੀ ਸ੍ਰੀ ਅਸ਼ੋਕ ਕੁਮਾਰ ਵਾਸੀ ਪਿੰਡ ਚੱਕ ਸਾਬੂ ਨੇ 79.1 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਲਾਸ 'ਚੋ ਦੂਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਵਿਦਿਆਰਥਣ ਭੂਮਿਕਾ ਸਪੁੱਤਰੀ ਸ੍ਰੀ ਵਿਨੇ ਕੁਮਾਰ ਵਾਸੀ ਪਿੰਡ ਅੱਪਰਾ ਨੇ 77.3 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਕਲਾਸ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਪ੍ਰਿੰਸੀਪਲ ਮਨਜੀਤ ਸਿੰਘ ਨੇ ਵਿਭਾਗ ਦੇ ਮੁਖੀ ਡਾ. ਕਰਮਜੀਤ ਕੌਰ, ਡਾ. ਮੇਘਨਾ ਅਗਰਵਾਲ ਅਤੇ ਹੋਰ ਪ੍ਰਾਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਆ।

# ਸਾਨੂੰ ਸਪੈਸਲ ਬੱਚਿਆਂ ਦੁਆਰਾ ਬਣਾਈਆਂ ਗਈਆਂ ਮੋਮਬੱਤੀਆਂ ਖਰੀਦ ਕੇ ਉਨ੍ਹਾਂ ਦਾ ਮਨੋਬਲ ਵਧਾਉਣਾ ਚਾਹੀਦਾ ਹੈ : ਓ.ਪੀ. ਗੁਪਤਾ




**ਹੁਸ਼ਿਆਰਪੁਰ (ਤਰਸੇਮ ਦੀਵਾਨਾ)** - ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ, ਜਹਾਨਖੇਲਾ ਦੇ ਸ਼ਪੈਸਲ ਵਿਦਿਆਰਥੀਆਂ ਨੇ ਜੇਮਜ਼ ਕੈਂਬਰਿਜ ਸਕੂਲ, ਦਸੂਹਾ, ਚੌਧਰੀ ਬਲਵੀਰ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅਤੇ ਐਸ.ਡੀ. ਕਾਲਜ, ਹੁਸ਼ਿਆਰਪੁਰ ਵਿਖੇ ਮੋਮਬੱਤੀ ਪ੍ਰਦਰਸ਼ਨੀ ਦਾ ਆਯੋਜਨ ਕੀਤਾ। ਪ੍ਰਿੰਸੀਪਲ ਓ.ਪੀ. ਗੁਪਤਾ ਨੇ ਪਹਿਲੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਪ੍ਰਿੰਸੀਪਲ ਬੇਦੀ ਨੇ ਚੌਧਰੀ ਬਲਵੀਰ ਸਿੰਘ ਸਕੂਲ ਵਿਖੇ ਦੂਜੀ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ, ਅਤੇ ਪ੍ਰਿੰਸੀਪਲ ਸਵਿਤਾ ਗੁਪਤਾ ਨੇ ਵਿਸ਼ੇਸ਼ ਬੱਚਿਆਂ ਦੇ ਕੰਮ ਦੀ ਪ੍ਰਸ਼ੰਸਾ ਕੀਤੀ। ਪ੍ਰਿੰਸੀਪਲ ਓ.ਪੀ. ਗੁਪਤਾ ਨੇ ਕਿਹਾ ਕਿ ਆਸ਼ਾ ਕਿਰਨ ਸਕੂਲ ਦੇ ਸਟਾਫ ਅਤੇ ਪ੍ਰਬੰਧਨ ਕਮੇਟੀ ਵੱਲੋਂ ਵਿਸ਼ੇਸ਼ ਬੱਚਿਆਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨ ਲਈ ਕੀਤੇ ਜਾ ਰਹੇ ਕੰਮ ਦੇ ਨਤੀਜੇ ਆ ਰਹੇ ਹਨ, ਜਿਸ ਤਹਿਤ ਵਿਸ਼ੇਸ਼ ਬੱਚੇ ਮੋਮਬੱਤੀਆਂ ਤਿਆਰ ਕਰਕੇ ਸਕੂਲਾਂ ਤੱਕ ਪਹੁੰਚਾ ਰਹੇ ਹਨ। ਉਨ੍ਹਾਂ ਸਮਾਜ ਨੂੰ ਅਪੀਲ ਕੀਤੀ ਕਿ ਦੀਵਾਲੀ ਦੇ ਮੌਕੇ 'ਤੇ ਇਨ੍ਹਾਂ ਵਿਸ਼ੇਸ਼ ਬੱਚਿਆਂ ਦੁਆਰਾ ਤਿਆਰ ਕੀਤੀਆਂ ਗਈਆਂ ਮੋਮਬੱਤੀਆਂ ਖਰੀਦ ਕੇ ਘਰ ਲੈ ਜਾਣ, ਅਤੇ ਇਸ ਨਾਲ ਵਿਸ਼ੇਸ਼ ਬੱਚਿਆਂ ਦਾ ਮਨੋਬਲ ਵੀ ਵਧੇਗਾ। ਇਸ ਮੌਕੇ ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਸਾਬਕਾ ਪ੍ਰਧਾਨ ਮਲਕੀਤ ਸਿੰਘ ਮਹੇਦੂ ਅਤੇ ਹਰਮੇਸ਼ ਤਲਵਾੜ ਨੇ ਸਕੂਲ ਪ੍ਰਬੰਧਨ ਦਾ ਧੰਨਵਾਦ ਕੀਤਾ।

ਫੋਟੋ ਅਜਮੇਰ ਦੀਵਾਨਾ

# ਸਿੱਖ ਨੈਸ਼ਨਲ ਕਾਲਜ ਬੰਗਾ ਵਲੋਂ ਸਵੈ ਇਛੁੱਕ ਖੂਨਦਾਨ ਕੈਂਪ ਦਾ ਆਯੋਜਨ



**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਪ੍ਰਿੰਸੀਪਲ ਡਾ.ਤਰਸੇਮ ਸਿੰਘ ਭਿੰਡਰ ਦੀ ਅਗਵਾਈ ਹੇਠ ਕਾਲਜ ਦੇ ਐੱਨ ਐੱਸ ਐੱਸ ਵਿਭਾਗ ਵੱਲੋਂ ਬਲੱਡ ਸੈਂਟਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਸਹਿਯੋਗ ਸਦਕਾ "ਸਵੈ ਇਛੱਕ ਖੂਨਦਾਨ ਕੈਂਪ" ਲਗਾਇਆ ਗਿਆ। ਇਸ ਕੈਂਪ ਦਾ ਉਦਘਾਟਨ ਡਾ ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਕੀਤਾ। ਉਹਨਾਂ ਨੇ ਕਾਲਜ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਮਹਾਂਦਾਨ ਹੈ ਅਤੇ ਇਹੀ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ । ਖ਼ੂਨਦਾਨ ਕਰਨ ਨਾਲ ਅਸੀਂ ਅਨੇਕ ਕੀਮਤੀ ਜਾਨਾਂ ਨੂੰ ਬਚਾ ਸਕਦੇ ਹਾਂ। ਉਹਨਾਂ ਨੇ ਕਿਹਾ ਕਿ ਖ਼ੂਨਦਾਨ ਕਰਨ ਨਾਲ ਕਿਸੇ ਕਿਸਮ ਦੀ ਕੋਈ ਕਮਜ਼ੋਰੀ ਨਹੀਂ ਆਉਂਦੀ ਬਲਕਿ ਮਨ ਨੂੰ ਸੰਤੁਸ਼ਟੀ ਮਿਲਦੀ ਹੈ ਕਿ ਅਸੀਂ ਕਿਸੇ ਲੋੜਵੰਦ ਵਿਅਕਤੀ ਨੂੰ ਜੀਵਨ ਪ੍ਰਦਾਨ ਕੀਤਾ ਹੈ । ਇਸ ਮੌਕੇ ਬਲੱਡ ਸੈਂਟਰ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਬੀ ਟੀ ਉ ਡਾ. ਰਾਹੁਲ ਗੋਇਲ ਨੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਕਰਨ ਨਾਲ ਸਿਰਫ਼ ਇੱਕ ਹੀ ਮਰੀਜ਼ ਨੂੰ ਨਹੀਂ ਬਲਕਿ ਇਕ ਤੋਂ ਵੱਧ ਮਰੀਜ਼ਾਂ ਨੂੰ ਲਾਭ ਪ੍ਰਾਪਤ ਹੁੰਦਾ ਹੈ, ਕਿਉਂਕਿ ਖ਼ੂਨ ਦੇ ਚਾਰ ਕੰਪੋਨੈਂਟ ਪਲਾਜ਼ਮਾ, ਆਰ. ਬੀ. ਸੀ. ਪਲੇਟਲੈਟ ਦੇ ਤੌਰ ਤੇ ਅਤੇ ਹਿਮੋਫੀਲੀਆਂ ਦੇ ਮਰੀਜ਼ਾਂ ਵਿੱਚ ਕਲੋਟਿੰਗ ਫੈਕਟਰ ਲਈ ਕੰਮ ਆਉਂਦੇ ਹਨ । ਕਾਲਜ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਵੱਲੋਂ ਮੁੱਖ ਮਹਿਮਾਨ ਡਾ. ਕੁਲਵਿੰਦਰ ਸਿੰਘ ਢਾਹਾਂ, ਬਲੱਡ ਸੈਂਟਰ ਦੀ ਸਮੁੱਚੀ ਟੀਮ ਅਤੇ ਖ਼ੂਨਦਾਨੀ ਵਾਲੰਟੀਅਰਾਂ ਦਾ ਧੰਨਵਾਦ ਕੀਤਾ । ਇਸ ਕੈਂਪ ਵਿਚ ਖ਼ੂਨਦਾਨੀ ਵਾਲੰਟੀਅਰਾਂ ਵੱਲੋਂ ਨਿਸ਼ਕਾਮ ਸੇਵਾ ਕਰਦੇ ਹੋਏ 25 ਯੂਨਿਟ ਖ਼ੂਨਦਾਨ ਕੀਤਾ ਗਿਆ । ਇਸ ਮੌਕੇ ਡਾ. ਤਰਸੇਮ ਸਿੰਘ ਭਿੰਡਰ ਪ੍ਰਿੰਸੀਪਲ, ਐੱਨ.ਐੱਸ.ਐੱਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਪ੍ਰੋ ਵਿਪਨ, ਡਾ. ਨਿਰਮਲਜੀਤ ਕੌਰ ਵੱਲੋਂ ਮਹਿਮਾਨਾਂ ਅਤੇ ਖ਼ੂਨਦਾਨੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ । ਇਸ ਕੈਂਪ ਨੂੰ ਸਫਲ ਕਰਨ ਵਿਚ ਡਾ. ਗੁਰਵਿੰਦਰ ਸਿੰਘ, ਪ੍ਰੋ. ਮਨਮੰਤ ਸਿੰਘ, ਪ੍ਰੋ. ਕਿਸ਼ੋਰ ਕੁਮਾਰ, ਸੁਪਰਡੈਂਟ ਸ. ਪਰਮਜੀਤ ਸਿੰਘ, ਪ੍ਰੋ. ਓਂਕਾਰ ਸਿੰਘ, ਵਲੰਟੀਅਰ ਨਵਨੀਤ ਕੌਰ, ਰਣਜੀਤ, ਸਿਧਾਰਥ, ਰਾਘਵ, ਡਾ ਰਾਹੁਲ ਗੋਇਲ ਬੀ. ਟੀ. ਉ., ਡਾ ਕੁਲਦੀਪ ਸਿੰਘ ਮੈਡੀਕਲ ਅਫ਼ਸਰ, ਮਨਜੀਤ ਸਿੰਘ ਇੰਚਾਰਜ ਬਲੱਡ ਸੈਂਟਰ ਦਾ ਵਿਸ਼ੇਸ਼ ਸਹਿਯੋਗ ਰਿਹਾ ।

# ਬੇਗਮਪੁਰਾ ਟਾਈਗਰ ਫੋਰਸ ਨੇ ਆਈ ਪੀ ਐਸ ਵਾਈ ਪੂਰਨ ਕੁਮਾਰ ਦੇ ਸੰਬੰਧ ਵਿੱਚ ਭੇਜਿਆ ਮਾਨਯੋਗ ਰਾਸ਼ਟਰਪਤੀ ਨੂੰ ਮੰਗ ਪੱਤਰ !

## ਮੌਜੂਦਾ ਭਾਜਪਾ ਦੇ ਸ਼ਾਸਨ ਦੌਰਾਨ ਐਸਸੀ ਸਮਾਜ ਖਿਲਾਫ ਅਪਰਾਧ ਦਿਨੋਂ ਦਿਨ ਤੇਜੀ ਨਾਲ ਵੱਧ ਰਹੇ ਹਨ : ਹੈਪੀ, ਸਤੀਸ਼, ਬੰਟੀ



**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** - ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੇਗਮਪੁਰਾ ਟਾਈਗਰ ਫੋਰਸ ਵੱਲੋ ਅੱਜ ਹਰਿਆਣਾ ਦੇ ਇੱਕ ਆਈਪੀਐਸ ਦਲਿਤ ਅਧਿਕਾਰੀ ਵਾਈ ਪੂਰਨ ਕੁਮਾਰ ਵਲੋਂ ਕੀਤੀ ਗਈ ਖੁਦਕੁਸ਼ੀ ਤੋਂ ਬਾਅਦ ਕਥਿਤ ਦੋਸ਼ੀਆਂ ਤੇ ਬਣਦੀ ਕਾਰਵਾਈ ਨਾ ਕਰਨ ਦੇ ਸਬੰਧ ਵਿੱਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੇ ਜਰੀਏ ਮਾਨਯੋਗ ਰਾਸ਼ਟਰਪਤੀ ਨੂੰ ਇੱਕ ਮੰਗ ਪੱਤਰ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਅਤੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਅਤੇ ਅਨਰ ਕੁਮਾਰ ਬੰਟੀ ਬਲਾਕ ਪ੍ਰਧਾਨ ਹਰਿਆਣਾ ਭੂੰਗਾ ਦੀ ਪ੍ਰਧਾਨਗੀ ਹੇਠ ਦਿੱਤਾ ਗਿਆ ! ਮੰਗ ਪੱਤਰ ਵਿੱਚ ਆਗੂਆਂ ਨੇ ਕਿਹਾ ਕਿ ਮੌਜੂਦਾ ਭਾਜਪਾ ਦੇ ਸ਼ਾਸਨ ਵਿੱਚ ਦਲਿਤਾਂ ਖਿਲਾਫ ਅਪਰਾਧ ਤੇਜੀ ਨਾਲ ਵੱਧ ਰਹੇ ਹਨ। ਹਾਲ ਹੀ ਵਿੱਚ ਸੁਪਰੀਮ ਕੋਰਟ ਦੇ ਮਾਣਯੋਗ ਚੀਫ ਜਸਟਿਸ ਬੀ ਆਰ ਗਵੱਈ ਤੇ ਭਾਰੀ ਅਦਾਲਤ ਵਿੱਚ ਰਕੇਸ਼ ਕਿਸ਼ੋਰ ਨਾਂ ਦੇ ਵਕੀਲ ਵਲੋਂ ਜੁੱਤੀ ਸੁੱਟਣ ਦੀ ਕੋਸ਼ਿਸ ਕਰਨ ਅਤੇ ਹਰਿਆਣਾ ਦੇ ਇੱਕ ਆਈਪੀਐਸ ਦਲਿਤ ਅਧਿਕਾਰੀ ਵਾਈ ਪੂਰਨ ਕੁਮਾਰ ਵਲੋਂ ਖੁਦਕੁਸ਼ੀ ਕਰਨਾ ਬਹੁਤ ਮਾੜੀ ਗੱਲ ਹੈ। ਉਹਨਾਂ ਕਿਹਾ ਕਿ ਜਾਤ-ਪਾਤ ਨੂੰ ਲੈ ਕੇ ਕੀਤੀਆਂ ਜਾਂਦੀਆਂ ਸਰੀਰ ਅਤੇ ਮਾਨਸਿਕ ਹਿੰਸਾ ਦੀਆਂ ਸੈਂਕੜੇ ਘਟਨਾਵਾਂ ਸਾਡੇ ਮੁਲਕ ਵਿਚ ਰੋਜ਼ਾਨਾ ਵਾਪਰਦੀਆਂ ਹਨ। ਇਹਨਾਂ ਚੋਂ ਬਹੁਤੀਆਂ ਦੂਰ-ਦੁਰਾਡੇ ਪੇਂਡੂ ਖੇਤਰਾਂ ਵਿੱਚ ਵਾਪਰਦੀਆਂ ਹਨ ਜੋ ਮੀਡੀਆ ਦੀ ਕਵਰੇਜ ਤੋਂ ਬਾਹਰ ਹੋ

ਜਾਂਦੀਆਂ ਹਨ। ਉਹਨਾਂ ਕਿਹਾ ਕਿ ਦਲਿਤ ਸਮਾਜ ਦੇ ਲੋਕਾਂ ਦੀ ਕੁੱਟਮਾਰ ਗਾਲੀ ਗਲੋਚ ਅਤੇ ਕਈ ਕਿਸਮਾਂ ਦੀਆਂ ਬੇਇਨਸਾਫੀਆਂ ਤੇ ਉਹਨਾਂ ਨਾਲ ਕੀਤਾ ਜਾਂਦਾ ਧੱਕਾ ਬਹੁਤੀ ਵਾਰੀ ਨਾ ਤਾਂ ਅਖਬਾਰ ਦੇ ਪੰਨਿਆਂ ਪੁੱਜਦਾ ਹੈ ਤੇ ਨਾ ਹੀ ਟੈਲੀਵਿਜ਼ਨ ਦੀਆਂ ਚਮਕਦੀਆਂ ਸਕਰੀਨਾਂ ਤੇ ਇਸ ਬਾਰੇ ਬਹਿਸਾਂ ਹੁੰਦੀਆਂ ਹਨ ਅਤੇ ਨਾਲ ਹੀ ਉੱਚ ਅਹੁਦਿਆਂ ਤੇ ਬੈਠੇ ਦਲਿਤ ਵਰਗ ਦੇ ਦੋ ਵਿਅਕਤੀਆਂ ਨਾਲ ਵਾਪਰੀ ਘਟਨਾਕ੍ਰਮ ਤੋਂ ਅਖ਼ੌਤੀ ਉੱਚੀਆਂ ਜਾਤਾਂ ਦੇ ਲੋਕਾਂ ਦਾ ਦਲਿਤਾਂ ਪ੍ਰਤੀ ਮਾੜਾ ਵਤੀਰਾ ਹੋ ਜਾਹਰ ਹੁੰਦਾ ਹੈ। ਉਹਨਾਂ ਕਿਹਾ ਕਿ ਜਸਟਿਸ ਗਵਈ ਤੇ ਉਹਨਾਂ ਤੇ ਜੁੱਤੀ ਸੁੱਟਣ ਦੇ ਮਾਮਲੇ ਨੂੰ ਭਾਜਪਾ ਤੇ ਆਰ ਐਸ ਐਸ ਨੇ ਬਹੁਤੀ ਤੂਲ ਨਾ ਦਿੰਦਿਆਂ ਉਸ ਵਕੀਲ ਨੂੰ ਫਟਾਫਟ ਕਲੀਨ ਚਿੱਟ ਦੇਣ ਦੀ ਕੀਤੀ। ਪਰ ਹੈਰਾਨੀ ਦੀ ਗੱਲ ਇਹ ਰਹੀ ਕਿ ਦਿੱਲੀ ਪੁਲਿਸ ਨੇ ਵੀ ਉਸ ਵਕੀਲ ਦੇ ਖਿਲਾਫ ਨਾ ਕੋਈ ਐਫਆਈਆਰ ਦਰਜ ਕੀਤੀ ਅਤੇ ਨਾ ਹੀ ਉਸ ਨੂੰ ਗ੍ਰਿਫਤਾਰ ਕੀਤਾ। ਇਸ ਦੇ ਉਲਟ ਜੁੱਤੀ ਸੁੱਟਣ ਵਾਲੇ ਵਕੀਲ ਦੀ ਸੋਸ਼ਲ ਮੀਡੀਆ ਤੇ ਸ਼ਲਾਘਾ ਹੁੰਦੀ ਰਹੀ। ਜਦ ਕਿ ਸੋਸ਼ਲ ਮੀਡੀਆ ਤੇ ਚੀਫ ਜਸਟਿਸ ਦੀ ਖਿੱਲੀ ਉਡਾਉਣ ਵਾਲਿਆਂ ਖਿਲਾਫ ਕੋਈ ਵੀ ਕਾਰਵਾਈ ਨਹੀਂ ਹੋਈ। ਉਨ੍ਹਾਂ ਸਰਕਾਰ ਨੂੰ ਪੁੱਛਿਆ ਕਿ ਸਭ ਨੂੰ ਨਿਆ ਦੇਣ ਵਾਲੇ ਚੀਫ ਜਸਟਿਸ ਨੂੰ ਇਸ ਮਾਮਲੇ 'ਚ ਨਿਆ ਕੌਣ ਦਵੇਗਾ? ਹਰਿਆਣਾ ਸਰਕਾਰ ਦੇ ਉੱਚ ਪੁਲਿਸ ਅਧਿਕਾਰੀ ਵਾਈ ਪੂਰਨ ਕੁਮਾਰ ਦੇ ਖੁਦਕੁਸ਼ੀ ਨੋਟ ਵਿੱਚ ਉਹਨਾਂ ਨੇ ਕੁਝ ਉੱਚ ਜਾਤੀ ਦੇ ਸੀਨੀਅਰ ਅਧਿਕਾਰੀਆਂ ਹੱਥੋਂ ਜਲੀਲ ਹੋਣ ਦਾ ਵਰਨਣ ਕੀਤਾ ਹੈ ਇੱਥੇ ਤੱਕ ਕੇ ਉਕਤ ਅਧਿਕਾਰੀਆਂ ਦੇ ਨਾਮ ਵੀ ਸੁਸਾਈਡ ਨੋਟ ਵਿੱਚ ਲਿਖੇ ਹੋਏ ਹਨ ਪ੍ਰੰਤੂ ਹਰਿਆਣਾ ਪੁਲਿਸ ਦੀ ਨਲਾਇਕੀ ਕੇ ਸੁਸਾਈਡ ਨੋਟ ਵਿੱਚ ਉਕਤ ਅਧਿਕਾਰੀਆਂ ਦੇ ਨਾਮ ਹੋਣ ਦੇ ਬਾਵਜੂਦ ਵੀ ਐਫਆਈਆਰ ਵਿੱਚ ਕਿਸੇ ਵੀ ਅਧਿਕਾਰੀ ਦਾ ਨਾਮ ਨਹੀਂ ਪਾਇਆ ਗਿਆ । ਉਹਨਾਂ ਕਿਹਾ ਕਿ ਸੰਵਿਧਾਨ ਸਾਰਿਆਂ ਨੂੰ ਬਰਾਬਰ ਦਾ ਹੱਕ ਦਿੰਦਾ ਹੈ। ਜਿਸ ਵਿਚ ਜਾਤ-ਪਾਤ ਅਤੇ ਉਚ-ਨੀਚ ਦੀ ਕੋਈ ਜਗ੍ਹਾ ਨਹੀਂ। ਪਰ ਅਮਲੀ ਤੌਰ ਤੇ ਸਮਾਜ ਵਿੱਚ ਇਹ ਸਾਰੇ ਵਿਤਕਰੇ ਅਜੇ ਵੀ ਮੌਜੂਦ ਹਨ। ਭਾਜਪਾ ਦੇ ਸ਼ਾਸਨ ਦੌਰਾਨ 2014 ਤੋਂ 2025 ਦੇ ਦਰਮਿਆਨ ਦਲਿਤਾਂ ਖਿਲਾਫ ਅਪਰਾਧਾਂ ਵਿੱਚ 46 ਫੀਸਦੀ ਵੱਧਦਾ ਹੋਇਆ ਹੈ, ਜਿਸ ਤੋਂ ਭਾਜਪਾ ਦੀ ਦਲਿਤਾਂ ਪ੍ਰਤੀ ਸੋਚ ਜੱਗ -ਜਾਹਰ ਹੁੰਦੀ ਹੈ। ਹਰਿਆਣਾ ਦੇ ਆਈਪੀਐਸ ਅਧਿਕਾਰੀ ਵਾਈ ਪੂਰਨ ਕੁਮਾਰ ਦੀ ਖੁਦਕੁਸ਼ੀ ਉਸ ਸਮਾਜਿਕ ਜ਼ਹਿਰ ਦਾ ਪ੍ਰਤੀਕ ਹੈ ਜੋ ਜਾਤ ਦੇ ਨਾਂ ਤੇ ਮਨੁੱਖਤਾ ਨੂੰ ਨਿਗਲ ਰਿਹਾ ਹੈ। ਇਹ ਘਟਨਾਵਾਂ ਭਾਜਪਾ ਸ਼ਾਸ਼ਨ ਦੀ ਨਕਾਮੀ ਹੈ। ਉਹਨਾਂ ਕਿਹਾ ਕਿ ਸਾਡੇ ਦੇਸ਼ ਵਿਚ ਦਲਿਤ ਅਧਿਕਾਰੀ ਵੀ ਸੁਰੱਖਿਤ ਨਹੀਂ ਹਨ। ਉਹਨਾਂ ਕਿਹਾ ਕਿ ਸਦੀਆਂ ਤੋਂ ਹੁੰਦੇ ਆਏ ਇਸ ਬਤੀਰੇ ਦੇ ਦਾਗਾਂ ਨੂੰ ਧੋਣ ਲਈ ਪਤਾ ਨਹੀਂ ਦਲਿਤਾਂ ਨੂੰ ਹੋਰ ਕਿੰਨੀਆਂ ਸਦੀਆਂ ਦੀ ਉਡੀਕ ਕਰਨੀ ਪਵੇਗੀ। ਭਾਜਪਾ ਆਰ ਐਸ ਐਸ ਦੀ ਅਗਵਾਈ ਵਿੱਚ ਦਲਿਤਾਂ ਨੂੰ ਫਿਰ ਤੋਂ ਗੁਲਾਮ ਬਣਾਉਣਾ ਚਾਹੁੰਦੀ ਹੈ, ਜਿਸ ਨੂੰ ਕਦੇ ਵੀ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਹੋਰਨਾਂ ਤੇ ਇਲਾਵਾ ਸੁੱਖੀ ਫਤਿਹਗੜ੍ਹ, ਬਿਪਨ ਕੁਮਾਰ ਸੀਨੀਅਰ ਮੀਤ ਪ੍ਰਧਾਨ ਚਬੇਵਾਲ, ਸਤੀਸ਼ ਕੁਮਾਰ ਬਸੀ ਬਾਹਦ,ਅਤੇ ਕਾਰਤਿਕ ਮਹਿਤੋਂ ਆਦਿ ਹਾਜ਼ਰ ਸਨ !

# ਕਿਤਾਬਾਂ ਖੋਲ੍ਹੀਏ

ਜੀਵਨ ਜਨਮ ਤੋਂ ਲੈ ਕੇ ਇਸ ਦੇ ਅੰਤ ਤੱਕ ਕਈ ਪ੍ਰਕਾਰ ਦੇ ਪੜਾਵਾਂ ਵਿੱਚੋਂ ਗੁਜ਼ਰਦਾ ਹੈ। ਜਨਮ ਅਤੇ ਮਰਨ ਦੇ ਇਲਾਵਾ ਭੁੱਖ, ਪਿਆਸ, ਦਰਦ, ਖ਼ੁਸ਼ੀ, ਨੀਂਦ, ਸੰਤਾਨ ਉਤਪਤੀ ਆਦਿ ਇਸ ਸੰਸਾਰ ਵਿੱਚ ਆਏ ਹਰ ਇੱਕ ਜੀਵ ਦੇ ਸਾਂਝੇ ਗੁਣ ਹਨ। ਵਿਸ਼ਾਲ ਬੁੱਧੀ ਅਤੇ ਵਿਚਾਰਾਂ ਦੇ ਮੌਖਿਕ ਤੇ ਲਿਖਤੀ ਰੂਪਾਂ ਦੇ ਗੁਣ ਇਨਸਾਨ ਨੂੰ ਬਾਕੀ ਜਾਨਵਰਾਂ ਤੇ ਜੀਵਾਂ ਤੋਂ ਬਹੁਤ ਅੱਗੇ ਲੈ ਗਏ ਹਨ। ਸੁਪਨੇ ਵੇਖਣਾ ਇਕ ਅਜਿਹੀ ਅਵਸਥਾ ਹੈ ਜੋ ਹੋ ਸਕਦਾ ਹੈ ਮਨੁੱਖਾਂ ਵਾਂਗ ਹੋਰ ਜਾਨਵਰਾਂ ਦੀ ਵੀ ਹੁੰਦੀ ਹੋਵੇ। ਸੁਪਨਿਆਂ ਦਾ ਹਕੀਕਤ ਨਾਲ ਕੋਈ ਸੰਬੰਧ ਨਹੀਂ ਹੈ। ਭਾਰਤ ਦੇ ਪੂਰਵ ਰਾਸ਼ਟਰਪਤੀ ਡਾਕਟਰ ਏ.ਪੀ.ਜੇ. ਅਬਦੁਲ ਕਲਾਮ ਕਹਿੰਦੇ ਹਨ ਕਿ ਸੁਪਨੇ ਉਹ ਨਹੀਂ ਹੁੰਦੇ ਹਨ ਜੋ ਸੁੱਤੇ ਹੋਇਆਂ ਵੇਖੇ ਜਾਣ, ਸੁਪਨੇ ਉਹ ਹੁੰਦੇ ਹਨ ਜੋ ਸਾਨੂੰ ਸੌਣ ਹੀ ਨਾ ਦੇਣ। ਇਸ ਤਰ੍ਹਾਂ ਦੇ ਜਾਗਦੀਆਂ ਅੱਖਾਂ ਵਾਲੇ ਸੁਪਨਿਆਂ, ਜਿਹਨਾਂ ਨੂੰ ਅਸੀਂ ਸੁਚੇਤ ਪੱਧਰ 'ਤੇ ਘੜਦੇ ਹਾਂ, ਨੂੰ ਕਲਪਨਾ ਕਿਹਾ ਜਾਂਦਾ ਹੈ। ਕਲਪਨਾ ਇੱਕ ਅਜਿਹਾ ਖ਼ਿਆਲੀ ਝੂਠ ਹੈ ਜੋ ਕੁਝ ਇੱਕ ਉੱਦਮਾਂ ਨਾਲ ਸੱਚ ਹੋ ਸਕਣ ਦੀ ਸਮਰੱਥਾ ਰੱਖਦਾ ਹੈ।

ਮਨੁੱਖੀ ਗਿਆਨ ਦੀ ਕੋਈ ਸੀਮਾ ਨਹੀਂ ਹੈ। ਜੋ ਕੁਝ ਕਿਸੇ ਵੇਲੇ ਕਲਪਿਤ ਸੀ ਉਹ ਹੁਣ ਸਾਡੀਆਂ ਅੱਖਾਂ ਸਾਹਮਣੇ ਸਾਡੇ ਜੀਵਨ ਦਾ ਹਿੱਸਾ ਬਣ ਗਿਆ ਹੈ। ਆਦਿ-ਮਾਨਵ ਸਮੇਂ ਵੀ ਕੁਦਰਤੀ ਤੌਰ 'ਤੇ ਜੰਗਲਾਂ ਵਿੱਚ ਅੱਗ ਲੱਗ ਜਾਂਦੀ ਹੋਵੇਗੀ। ਅੱਗ ਨਾਲ ਸੜੀ ਹੋਈ ਬਨਸਪਤੀ ਜਾਂ ਮਾਸ ਨੂੰ ਖਾ ਕੇ ਆਦਿ ਮਾਨਵ ਨੂੰ ਅੱਗ ਦੇ ਪ੍ਰਕੋਪ ਦੇ ਨਾਲ-ਨਾਲ ਫਾਇਦੇ ਦੀ ਜਾਣਕਾਰੀ ਪ੍ਰਾਪਤ ਹੋ ਗਈ ਹੋਣੀ ਹੈ। ਪੱਥਰ ਜਾਂ ਸੁੱਕੀਆਂ ਲੱਕੜੀਆਂ ਰਗੜ ਕੇ ਅੱਗ ਬਾਲਣੀ ਸਿੱਖ ਲਈ ਅਤੇ ਇਹ ਅੱਗ ਸਾਡੇ ਦੇਸੀ ਚੁੱਲ੍ਹਿਆਂ ਤੋਂ ਹੁੰਦੀ ਹੋਈ ਅੱਜ ਰਸੋਈਆਂ ਵਿੱਚ ਗੈਸ ਸਿਲੰਡਰਾਂ ਰਾਹੀਂ ਸਾਡੇ ਜੀਵਨ ਦਾ ਆਧਾਰ ਬਣ ਚੁੱਕੀ ਹੈ। ਆਪਣੇ ਬੁੱਧੀ ਦੀ ਤਾਕਤ ਨਾਲ ਇਨਸਾਨ ਨੇ ਅਗਨੀ ਤੇ ਪ੍ਰਕਾਸ਼ ਦੇ ਹੋਰ ਵਿਕਲਪ ਵੀ ਪੈਦਾ ਕਰ ਲਏ ਹਨ। ਮਛਲੀਆਂ ਦੀ ਤਰ੍ਹਾਂ ਇਨਸਾਨ ਪਾਣੀਆਂ ਦਾ ਤਾਰੂ ਹੋ ਗਿਆ ਅਤੇ ਪੰਛੀਆਂ ਦੀ ਤਰ੍ਹਾਂ ਅਸਮਾਨਾਂ ਵਿੱਚ ਤਕਨੀਕ ਦੀ ਮਦਦ ਨਾਲ ਉੱਡਣਾ ਸਿੱਖ ਗਿਆ ਹੈ। ਇਹ ਸਭ ਕੁਝ ਵਿਗਿਆਨ ਦੇ ਗਿਆਨ ਨਾਲ ਸੰਭਵ ਹੋਇਆ ਹੈ। ਪੁਰਾਤਨ ਸਮੇਂ ਵਿੱਚ ਵੀ ਮਨੁੱਖ ਦੇ ਜੀਵਨ ਲਈ ਲੋੜੀਂਦੀਆਂ ਵਸਤੂਆਂ ਸੀਮਤ ਸਾਧਨਾਂ ਨਾਲ ਤਿਆਰ ਕੀਤੀਆਂ ਜਾਂਦੀਆਂ ਰਹੀਆਂ ਹਨ। ਰੁੱਖਾਂ ਦੇ ਤਣਿਆਂ ਤੋਂ ਪਹਿਲਾਂ-ਪਹਿਲ ਗੱਡਿਆਂ ਦੇ ਪਹੀਏ ਬਣੇ। ਬਹੁਤ ਮਿਹਨਤ ਨਾਲ ਕਿਰਤੀਆਂ ਨੇ ਖੇਤਾਂ, ਘਰਾਂ, ਰਸੋਈਆਂ ਵਿੱਚ ਕੰਮ ਆਉਣ ਵਾਲੇ ਛੋਟੇ-ਵੱਡੇ ਸੰਦ ਬਣਾਏ, ਵਸਤੂਆਂ ਦੇ ਨਿਰਮਾਣ ਤੇ ਮੁਰੰਮਤ ਦਾ ਕੰਮ ਕੀਤਾ। ਘੋੜਿਆਂ ਦੀਆਂ ਰਕਾਬਾਂ ਤੋਂ ਮੁਟਿਆਰਾਂ ਦੀਆਂ ਪੰਜੇਬਾਂ ਤੱਕ, ਸੁਰਮੇਦਾਨੀ ਦੀ ਸਲਾਈ ਤੋਂ ਤਲਵਾਰ ਦੀ ਧਾਰ ਤੱਕ ਭੱਠੀ, ਅਹਿਰਣ ਤੇ ਵਦਾਨ ਦੀ ਮੁਹਾਰਤ ਨਾਲ ਵਰਤੋਂ ਹੋਈ। ਭਵਨ ਨਿਰਮਾਣ ਕਲਾ ਅਜਿਹੀ ਕਿ ਅੱਜ ਵੀ ਆਪਣੀ ਹੋਂਦ ਰੱਖ ਰਹੀ ਹੈ। ਲੱਕੜ ਅਤੇ ਸੋਨੇ-ਚਾਂਦੀ ਦੇ ਗਹਿਣਿਆਂ ਉੱਪਰ ਕਮਾਲ ਦੀ ਮੀਨਾਕਾਰੀ। ਕਿਰਤੀਆਂ ਵੱਲੋਂ ਪੀੜੀ-ਦਰ-ਪੀੜੀ ਅਤੇ ਉਸਤਾਦ-ਸ਼ਾਗਿਰਦ ਰਿਸ਼ਤੇ ਨਾਲ ਆਪਣੀ ਕਲਾ ਅੱਗੇ ਤੋਰੀ ਰੱਖੀ ਗਈ, ਇਸੇ ਤਰ੍ਹਾਂ ਕਿਸਾਨੀ ਵੀ। ਇਹ ਕਲਾ ਨਾਲੋ-ਨਾਲ ਸਿੱਖੀ ਸਿਖਾਈ ਜਾਂਦੀ ਸੀ। ਹੌਲੀ-ਹੌਲੀ ਕਾਰੀਗਰਾਂ ਦੇ ਨਾਲ ਨਾਲ ਇਹ ਮੁਹਾਰਤ ਜਿਵੇਂ ਅਲੋਪ ਹੋਣ ਲੱਗ ਗਈ। ਕਹਿੰਦੇ ਹਨ ਕਿਸੇ ਇਲਾਕੇ ਵਿੱਚ ਇੱਕ ਵੈਦ ਸੀ ਜੋ ਕਈ ਬਿਮਾਰੀਆਂ ਦਾ ਇਲਾਜ ਜੜੀ-ਬੂਟੀਆਂ ਦੇ ਖਾਸ ਮਿਸ਼ਰਣ ਨਾਲ ਕਰ ਦਿੰਦਾ ਸੀ। ਉਸ ਇਲਾਕੇ ਵਿੱਚ ਇੱਕ ਅਜਿਹੀ ਬਿਮਾਰੀ ਫੈਲਣ ਲੱਗੀ ਜਿਸ ਨਾਲ ਮਨੁੱਖ ਦਾ ਗਲਾ ਜਿਵੇਂ ਘੁੱਟਿਆ ਜਾਣ ਲੱਗ ਪੈਂਦਾ, ਹੱਥ ਪੈਰ ਕੰਮ ਕਰਨਾ ਬੰਦ ਕਰ ਦਿੰਦੇ ਅਤੇ ਨਾ ਹੀ ਉਹ ਕੁਝ ਬੋਲ ਸਕਦਾ। ਉਸ ਵੈਦ ਨੇ ਇਸ ਬਿਮਾਰੀ ਦਾ ਨੁਸਖਾ ਤਿਆਰ ਕਰ ਲਿਆ। ਜਿਸ ਕਿਸੇ ਪਰਿਵਾਰ ਵਿੱਚ ਵੀ ਇਸ ਤਰ੍ਹਾਂ ਦੀ ਬਿਮਾਰੀ ਦਾ ਕੋਈ ਮਰੀਜ਼ ਹੁੰਦਾ ਤਾਂ ਉਹ ਜਲਦ ਤੋਂ ਜਲਦ ਉਸ ਵੈਦ ਕੋਲ ਪਹੁੰਚਦੇ ਅਤੇ ਉਹ ਮਰੀਜ਼ ਦੋ-ਤਿੰਨ ਦਿਨਾਂ ਵਿੱਚ ਤੰਦਰੁਸਤ ਹੋ ਜਾਂਦਾ। ਉਸ ਵੈਦ ਦਾ ਚੰਗਾ ਨਾਮ ਹੋ ਗਿਆ ਤੇ ਆਮਦਨ ਵੀ ਵਧ ਗਈ। ਉਸ ਦੇ ਮਨ ਲਾਲਚੀ ਹੋ ਗਿਆ ਅਤੇ ਆਪਣੀ ਨੁਸਖਿਆਂ ਵਾਲੀ ਪੱਤਰੀ ਵਿੱਚੋਂ ਇਹ ਨੁਸਖਾ ਪੂਰੀ ਤਰਾਂ ਮਿਟਾ ਦਿੱਤਾ ਮਤਾਂ ਕਿਤੇ ਪੱਤਰੀ ਚੋਰੀ ਹੋਣ ਦੀ ਸਥਿਤੀ ਵਿੱਚ ਵੀ ਕੋਈ ਹੋਰ ਬੰਦਾ ਦਵਾਈ ਤਿਆਰ ਕਰਨਾ ਸਿੱਖ ਕੇ ਪੈਸੇ ਨਾ ਕਮਾਉਣ ਲੱਗ



ਜਾਵੇ। ਕਰਨੀ ਰੱਬ ਦੀ ਉਸ ਵੈਦ ਨੂੰ ਵੀ ਓਹੀ ਬਿਮਾਰੀ ਹੋ ਗਈ। ਉਹ ਤਕਲੀਫ ਵਿੱਚ ਤੜਫਣ ਲੱਗਿਆ। ਉਸ ਦਾ ਪਰਿਵਾਰ ਕਈ ਤਰ੍ਹਾਂ ਦੀਆਂ ਜੜੀ-ਬੂਟੀਆਂ ਘੋਲ ਕੇ ਉਸ ਨੂੰ ਪਿਲਾਈ ਜਾਵੇ। ਬੋਲ ਉਹ ਸਕਦਾ ਨਹੀਂ ਸੀ ਤੇ ਨਾ ਹੀ ਲਿਖ ਹੋਵੇ। ਪਰਿਵਾਰ ਸਾਹਮਣੇ ਹੀ ਤੜਫ-ਤੜਫ ਕੇ ਉਹ ਦਮ ਤੋੜ ਜਾਂਦਾ ਹੈ। ਜੇਕਰ ਉਸ ਵੈਦ ਨੇ ਆਪਣਾ ਇਹ ਗਿਆਨ ਕਿਤਾਬਾਂ ਵਿੱਚ ਲਿਖ ਦਿੱਤਾ ਹੁੰਦਾ ਜਾਂ ਆਪਣੇ ਕਿਸੇ ਸ਼ਾਗਿਰਦ ਨੂੰ ਸਿਖਾ ਦਿੱਤਾ ਹੁੰਦਾ ਤਾਂ ਗਿਆਨ ਦਾ ਵਿਸਥਾਰ ਹੋ ਜਾਂਦਾ ਅਤੇ ਭਵਿੱਖ ਵਿੱਚ ਕਈਆਂ ਦਾ ਭਲਾ ਹੋ ਸਕਦਾ ਸੀ। ਸਾਰ ਤੱਤ ਇਹ ਹੀ ਹੈ ਕਿ ਗਿਆਨ ਮਨੁੱਖ ਨਾਲ ਖ਼ਤਮ ਨਹੀਂ ਹੋਣਾ ਚਾਹੀਦਾ ਹੈ। ਗਿਆਨ ਦੀ ਜੋਤ ਕਿਤਾਬਾਂ ਰਾਹੀਂ ਆਉਣ ਵਾਲੀਆਂ ਨਸਲਾਂ ਦਾ ਰਾਹ ਰੋਸ਼ਨ ਕਰਦੀ ਰਹਿਣੀ ਤੇ ਹੋਰ ਦੀਪ ਜਲਾਉਂਦੀ ਰਹਿਣੀ ਚਾਹੀਦੀ ਹੈ।

ਪੱਛਮੀ ਸਾਹਿਤਕਾਰ ਰਾਬਰਟ ਲੁਈਸ ਸਟੀਵਨਸਨ ਦਾ ਕਥਨ ਹੈ ਕਿ ਉਹ ਆਪਣੇ ਕੋਲ ਹਮੇਸ਼ਾ ਦੋ ਕਿਤਾਬਾਂ ਰੱਖਦਾ ਹੈ ਇਕ ਪੜ੍ਹਨ ਲਈ ਅਤੇ ਦੂਸਰੀ ਲਿਖਣ ਲਈ। ਇੱਥੇ ਇਹ ਵੀ ਵਿਚਾਰ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਾਹੀਂ ਗਿਆਨ ਪ੍ਰਾਪਤ ਹੁੰਦਾ ਹੈ ਚਾਹੇ ਪ੍ਰਤੱਖ ਹੋਵੇ ਜਾਂ ਗੁਰੂ ਦੁਆਰਾ ਕਲਮਬੱਧ ਕੀਤਾ ਹੋਵੇ। ਗੁਰਬਾਣੀ ਵਿੱਚ ਲਿਖਿਆ ਗਿਆ ਹੈ:-

ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

ਭਾਰਤੀ ਸੱਭਿਆਚਾਰ ਵਿੱਚ ਗੁਰੂ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ। ਵਿੱਦਿਅਕ ਸੰਸਥਾਵਾਂ ਵਿੱਚ ਗਿਆਨ ਦੇਣ ਵਾਲੇ ਅਧਿਆਪਕ ਭਾਰਤੀ ਸੰਸਕ੍ਰਿਤੀ ਵਿੱਚ ਗੁਰੂ ਅਖਵਾਉਂਦੇ ਹਨ। ਵਿਦਿਆਰਥੀ ਜੀਵਨ ਵਿੱਚ ਅਧਿਆਪਕਾਂ ਨੇ ਵੀ ਆਪਣੇ ਅਧਿਆਪਕਾਂ ਅਤੇ ਪ੍ਰੋਫੈਸਰ ਸਾਹਿਬਾਨ ਤੋਂ ਗਿਆਨ ਲਿਆ ਹੁੰਦਾ ਹੈ ਅਤੇ ਕਿਤਾਬਾਂ ਪੜ੍ਹੀਆਂ ਹੁੰਦੀਆਂ ਹਨ। ਇਸ ਤੋਂ ਬਾਅਦ ਸਕੂਲ ਕਾਲਜਾਂ ਵਿੱਚ ਆਪਣੇ ਤਜਰਬੇ ਤੇ ਕਿਤਾਬਾਂ ਰਾਹੀਂ ਇਹ ਗਿਆਨ ਵਿਦਿਆਰਥੀਆਂ ਨੂੰ ਦੇਣਾ ਹੁੰਦਾ ਹੈ। ਹੱਸਣਾ, ਖੇਡਣਾ, ਘੁੰਮਣਾ, ਮੌਜ-ਮਸਤੀ ਆਦਿ ਬੱਚਿਆਂ ਦੇ ਸੁਭਾਵਿਕ ਗੁਣ ਹੁੰਦੇ ਹਨ। ਬੱਚੇ ਦੇ ਸਰਬ-ਪੱਖੀ ਵਿਕਾਸ ਲਈ ਇਹ ਜਰੂਰੀ ਵੀ ਹਨ। ਗਰਮੀਆਂ ਜਾਂ ਸਰਦੀਆਂ ਦੀਆਂ ਛੁੱਟੀਆਂ ਦੌਰਾਨ ਬੱਚੇ ਜੀਵਨ ਦਾ ਭਰਪੂਰ ਆਨੰਦ ਲੈਣ ਦੀ ਕੋਸ਼ਿਸ਼ ਕਰਦੇ ਹਨ ਪਰ ਚੰਗੇ ਭਵਿੱਖ ਲਈ ਸਕੂਲ ਜਾਣਾ, ਕਿਤਾਬਾਂ ਪੜ੍ਹਨੀਆਂ, ਗਿਆਨ ਹਾਸਲ ਕਰਨਾ, ਖੇਡਾਂ ਵਿੱਚ ਵੀ ਭਾਗ ਲੈਣਾ ਵਿਦਿਆਰਥੀ ਲਈ ਬਹੁਤ ਜਰੂਰੀ ਹੁੰਦੇ ਹਨ ।

ਵਿਦਿਆਰਥੀਆਂ ਨੂੰ ਪੂਰੇ ਚਾਅ ਨਾਲ ਸਕੂਲ ਜਾਣਾ ਚਾਹੀਦਾ ਹੈ। ਸਕੂਲ ਆਪਣੇ ਵਿਦਿਆਰਥੀਆਂ ਦੇ ਰਾਹ ਤੱਕ ਰਹੇ ਹਨ। ਵਿਦਿਆਰਥੀ ਹਨ ਤਾਂ ਸਕੂਲ ਦੇ ਹੋਂਦ ਹੈ। ਸਕੂਲ ਇੱਕ ਅਜਿਹਾ ਸਮਾਜਿਕ ਦਾਇਰਾ ਹੈ ਜਿੱਥੇ ਵਿਦਿਆਰਥੀ ਆਪਣੇ ਹਮ ਉਮਰ ਸਾਥੀਆਂ ਦੇ ਨਾਲ-ਨਾਲ ਛੋਟੀ ਅਤੇ ਵੱਡੀ ਉਮਰ ਦੇ ਵਿਦਿਆਰਥੀਆਂ ਵਿੱਚ ਰਹਿਣਾ ਸਿੱਖਦੇ ਹਨ। ਉਹਨਾਂ ਦੇ ਮਾਤਾ-ਪਿਤਾ ਜਾਂ ਵੱਡੇ ਭੈਣ-ਭਰਾ ਦੀ ਉਮਰ ਦੇ ਅਧਿਆਪਕ, ਅਧਿਆਪਕਾਵਾਂ ਅਤੇ ਹੋਰ ਕਰਮਚਾਰੀ ਹੁੰਦੇ ਹਨ। ਸਕੂਲ ਵਿੱਚ ਵਿਚਰਦਿਆਂ ਜਿੱਥੇ ਉਹ ਵਿਹਾਰਿਕ ਸਿੱਖਿਆ ਗ੍ਰਹਿਣ ਕਰਦੇ ਹਨ ਉੱਥੇ ਉਹ ਨੈਤਿਕਤਾ ਵੀ ਸਿੱਖਦੇ ਹਨ। ਇਸੇ ਤਰਾਂ ਪਾਠਕ੍ਰਮ ਦੀਆਂ ਪੁਸਤਕਾਂ ਵਿਹਾਰਕ ਸਿੱਖਿਆ ਪ੍ਰਦਾਨ ਕਰਦੀਆਂ ਹਨ ਅਤੇ ਸਕੂਲ ਦੇ ਪੁਸਤਕਾਲਾ ਦੀਆਂ ਪੁਸਤਕਾਂ ਵਿਸਤ੍ਰਿਤ ਗਿਆਨ ਜਿਵੇਂ ਸਾਡੇ ਅਤੇ ਵਿਸ਼ਵ ਦੇ ਇਤਿਹਾਸ, ਭੂਗੋਲ, ਸੱਭਿਆਚਾਰ, ਚਲੰਤ ਮਸਲੇ, ਸਾਹਿਤ ਆਦਿ ਪ੍ਰਦਾਨ ਕਰਨ ਲਈ ਉਪਲਬਧ ਹਨ। ਕਿਤਾਬਾਂ ਰਾਹੀਂ ਪਾਠਕ ਆਪਣੇ ਆਲੇ-ਦੁਆਲੇ ਸਬੰਧੀ ਗਿਆਨ ਦੇ ਨਾਲ-ਨਾਲ ਵਿਸ਼ਵ ਦੇ ਹੋਰ ਸੱਭਿਆਚਾਰਾਂ ਤੋਂ ਵੀ ਵਾਕਫ਼ ਹੁੰਦਾ ਹੈ ਕਿਤਾਬਾਂ ਦੇ ਸ਼ਬਦਾਂ ਵਿਚ ਕੀਮਤੀ ਖ਼ਜ਼ਾਨਾ ਛੁਪਿਆ ਹੋਇਆ ਕਿਹਾ ਜਾ ਸਕਦਾ ਹੈ।

"ਕਿਤਾਬਾਂ ਉਹ ਸਾਧਨ ਹਨ ਜਿਨ੍ਹਾਂ ਰਾਹੀਂ ਅਸੀਂ ਸੱਭਿਆਚਾਰਾਂ ਵਿਚਕਾਰ ਪੁਲ ਬਣਾਉਂਦੇ ਹਾਂ।"
(ਡਾ: ਸਰਵਪੱਲੀ ਰਾਧਾ ਕ੍ਰਿਸ਼ਨਨ)

ਅੱਜ ਕੱਲ੍ਹ ਇੰਟਰਨੈੱਟ, ਮੋਬਾਈਲ ਫੋਨਾਂ ਅਤੇ ਨਵੀਨਤਮ ਅਰਟੀਫ਼ੀਸ਼ੀਅਲ ਇੰਟੈਲੀਜੈਂਸ (ਏ.ਆਈ.) ਨੂੰ ਕਿਤਾਬਾਂ ਦੇ ਬਦਲ ਵਜੋਂ ਵੇਖਿਆ ਜਾ ਰਿਹਾ ਹੈ। ਇਹ ਤਤਕਾਲ ਜਾਣਕਾਰੀ ਰੋਚਕ ਢੰਗ ਨਾਲ ਜ਼ਰੂਰ ਪ੍ਰਦਾਨ ਕਰਦੇ ਹਨ ਪਰ ਕਿਤਾਬਾਂ ਦੀ ਤਰ੍ਹਾਂ ਕਿਸੇ ਵੀ ਸਮੇਂ ਭਰਪੂਰ ਗਿਆਨ ਨਹੀਂ ਦੇ ਸਕਦੇ ਹਨ। ਇਹਨਾਂ ਦੀ ਲਗਾਤਾਰ ਵਰਤੋਂ ਵਿਦਿਆਰਥੀਆਂ ਦੀਆਂ ਅੱਖਾਂ, ਗਰਦਨ, ਸੁਭਾਅ ਉੱਪਰ ਮਾੜਾ ਅਸਰ ਪਾਉਂਦੀ ਹੈ। ਵਿਦਿਆਰਥੀ ਆਪਣੇ ਹੱਥੀਂ ਕਾਪੀਆਂ ਵਿੱਚ ਲਿਖਣ, ਕਿਤਾਬਾਂ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਤਿਆਰ ਕਰਨ ਅਤੇ ਕਿਤਾਬਾਂ ਵਿੱਚ ਦਿੱਤੀਆਂ ਉਦਾਹਰਨਾਂ ਨੂੰ ਆਪਣੇ-ਆਪ ਹੱਲ ਕਰਨ ਤੋਂ ਦੂਰ ਹੋ ਰਹੇ ਹਨ। ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਵਿਭਾਗ ਵੱਲੋਂ ਹਰ ਸਾਲ ਨਵੀਆਂ ਕਿਤਾਬਾਂ ਦਿੱਤੀਆਂ ਜਾਂਦੀਆਂ ਹਨ ਅਤੇ ਕੁਝ ਪ੍ਰਾਈਵੇਟ ਸਕੂਲਾਂ ਵਾਲੇ ਮਹਿੰਗੀਆਂ ਕਿਤਾਬਾਂ ਵਿਦਿਆਰਥੀਆਂ ਨੂੰ ਲਗਵਾਉਂਦੇ ਹਨ। ਆਮ ਤੌਰ 'ਤੇ ਵੇਖਣ ਵਿੱਚ ਆਉਂਦਾ ਹੈ ਕਿ ਕੋਲ ਕਿਤਾਬਾਂ ਹੋਣ ਦੇ ਬਾਵਜੂਦ ਵੀ ਕੁਝ ਵਿਦਿਆਰਥੀ ਇੰਟਰਨੈੱਟ, ਮੋਬਾਈਲ ਫੋਨਾਂ ਅਤੇ ਏ.ਆਈ. ਨੂੰ ਹੀ ਪਹਿਲ ਦੇਣਾ ਪਸੰਦ ਕਰਦੇ ਹਨ। ਇਸ ਦੀ ਵਰਤੋਂ ਨਾਲ ਉਹ ਆਪਣੇ ਲੋੜੀਂਦੇ ਵਿਸ਼ੇ ਦੀ ਸੀਮਤ ਜਾਣਕਾਰੀ ਆਪਣੀਆਂ ਕਾਪੀਆਂ ਵਿੱਚ ਲਿਖ ਲੈਂਦੇ ਹਨ ਜਾਂ ਯਾਦ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਇਲਾਵਾ ਆਨ-ਲਾਈਨ ਸਟਡੀ ਦੌਰਾਨ ਅਚਾਨਕ ਅਜਿਹਾ ਕੁਝ ਆਪਣੇ ਆਪ ਮੋਬਾਈਲ ਜਾਂ ਕੰਪਿਊਟਰ ਦੀ ਸਕਰੀਨ ਉੱਪਰ ਮਸ਼ਹੂਰੀ ਦੇ ਰੂਪ ਵਿੱਚ ਸਾਹਮਣੇ ਆ ਜਾਂਦਾ ਹੈ ਜਿਸ ਦਾ ਪੜ੍ਹੇ ਜਾ ਰਹੇ ਵਿਸ਼ੇ ਨਾਲ ਕੋਈ ਸਬੰਧ ਨਹੀਂ ਹੁੰਦਾ ਹੈ। ਇਹ ਸਮਾਂ ਬਰਬਾਦ ਕਰਨ ਦੇ ਨਾਲ-ਨਾਲ ਕਿਸੇ ਠੱਗੀ, ਧਿਆਨ ਭਟਕਾਉਣ ਜਾਂ ਕੋਈ ਗੈਰ-ਕਾਨੂੰਨੀ ਗਤੀਵਿਧੀ ਕਰਨ ਲਈ ਉਕਸਾਉਣ ਦਾ ਸਬੱਬ ਵੀ ਬਣ ਸਕਦਾ ਹੈ। ਅਧਿਆਪਕ ਸਾਹਿਬਾਨ ਨੂੰ ਜੇ ਲੋੜ ਮਹਿਸੂਸ ਹੋਵੇ ਤਾਂ ਆਪਣੇ ਅਧਿਆਪਨ ਕਾਰਜ ਦੌਰਾਨ ਆਪਣੀ ਨਿਗਰਾਨੀ ਵਿੱਚ ਆਧੁਨਿਕ ਇਲੈਕਟ੍ਰੋਨਿਕਸ ਸਾਧਨਾਂ ਦੀ ਵਰਤੋਂ ਲੋੜ ਅਨੁਸਾਰ ਕਰ ਲੈਣੀ ਚਾਹੀਦੀ ਹੈ।

ਸਾਲ ਭਰ ਕੋਈ ਨਾ ਕੋਈ ਪੁਰਬ, ਤਿਉਹਾਰ, ਮੇਲੇ ਆਉਂਦੇ-ਜਾਂਦੇ ਰਹਿੰਦੇ ਹਨ। ਇਸ ਦੇ ਇਲਾਵਾ ਰਾਸ਼ਟਰੀ ਤੇ ਅੰਤਰ ਰਾਸ਼ਟਰੀ ਪੱਧਰ ਦੇ ਕਈ ਦਿਨ ਜਿਵੇਂ ਮਾਂ-ਦਿਵਸ, ਪਿਤਾ ਦਿਵਸ, ਓਜ਼ੋਨ ਡੇਅ, ਧਰਤੀ ਦਿਵਸ, ਬਾਲ ਦਿਵਸ, ਮਜ਼ਦੂਰ ਦਿਵਸ ਆਦਿ। ਇਸੇ ਲੜੀ ਵਿਚ ਅਧਿਆਪਕ ਦਿਵਸ ਵੀ ਸ਼ਾਮਲ ਹੈ। ਸਤੰਬਰ ਨੂੰ ਰਾਸ਼ਟਰੀ ਅਤੇ ਦਸੰਬਰ ਨੂੰ ਅੰਤਰ ਰਾਸ਼ਟਰੀ ਪੱਧਰ 'ਤੇ ਅਧਿਆਪਕ ਦਿਵਸ ਮਨਾਏ ਜਾਂਦੇ ਹਨ। ਸਤੰਬਰ ਨੂੰ ਆਮ ਤੌਰ 'ਤੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਹਿਤ ਸਮਾਗਮ ਹੁੰਦੇ ਹਨ ਅਤੇ ਸਕੂਲਾਂ ਵਿੱਚ ਵੱਡੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਇਸ ਦਿਨ ਛੋਟੀਆਂ ਸ਼੍ਰੇਣੀਆਂ ਲਈ ਅਧਿਆਪਕ ਦੀ ਭੂਮਿਕਾ ਬੜੀ ਰੁਚੀ ਨਾਲ ਨਿਭਾਉਂਦੇ ਹਨ। ਇਹ ਸਿਰਫ਼ ਇੱਕ ਰਸਮ ਮਾਤਰ ਹੀ ਨਹੀਂ ਹੁੰਦੀ ਹੈ। ਇਸ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸੱਚਮੁੱਚ ਅਧਿਆਪਕ ਬਣਨ ਦਾ ਜਜ਼ਬਾ ਭਰਨਾ ਵੀ ਹੁੰਦਾ ਹੈ। ਇੱਥੇ ਇੱਕ ਅਪੀਲ ਉਸ ਅਧਿਆਪਕ ਵਰਗ ਨੂੰ ਵੀ ਹੈ ਜੋ ਕਈ ਵਾਰ ਵਿਦਿਆਰਥੀਆਂ ਨੂੰ ਘਰ ਦਾ ਕੰਮ ਦਿੰਦੇ ਹੋਏ ਉਪਰੋਕਤ ਇਲੈਕਟ੍ਰੋਨਿਕਸ ਸਾਧਨਾਂ ਦੀ ਵਰਤੋਂ ਕਰਨ ਲਈ ਕਹਿ ਦਿੰਦੇ ਹਨ ਜਾਂ ਆਨ-ਲਾਈਨ ਕੰਮ ਭੇਜ ਕੇ ਆਪਣਾ ਫਰਜ਼ ਪੂਰਾ ਹੋਇਆ ਸਮਝ ਲੈਂਦੇ ਹਨ। ਸੁਚਾਰੂ ਢੰਗ ਨਾਲ ਅਧਿਐਨ-ਅਧਿਆਪਨ ਵਿਦਿਆਰਥੀਆਂ ਨੂੰ ਸਮਾਜ ਵਿੱਚ ਸਨਮਾਨ ਯੋਗ ਮੁਕਾਮ ਪ੍ਰਾਪਤ ਕਰ ਕੇ ਆਪਣੇ ਦੇਸ਼ ਦੇ ਜ਼ਿੰਮੇਵਾਰ ਨਾਗਰਿਕ ਬਣਾ ਸਕਦਾ ਹੈ । ਇਸ ਲਈ ਆਓ! ਜਦ ਸਕੂਲ, ਕਾਲਜ ਅਤੇ ਹੋਰ ਸਿੱਖਿਆ ਸੰਸਥਾਨ ਖੁੱਲ੍ਹੇ ਹਨ ਤਾਂ ਕਿਤਾਬਾਂ ਵੀ ਖੋਲ੍ਹੀਏ।

**ਮਨਜੀਤ ਸਿੰਘ ਬੱਧਣ**
9417635053

# ਚੜ੍ਹਦੀ ਕਲਾ ਬ੍ਰਦਰਜਹੁਡਜ ਐਸੋਸੀਏਸ਼ਨ ਵੱਲੋਂ ਪੰਜਾਬ ਦੇ ਹੜ ਪੀੜਤਾਂ ਦੀ ਮਦਦ ਕਰਨ ਦਾ ਫੈਸਲਾ

## ਸਿੱਖੀ ਅਵੇਅਰਨੈਸ ਫਾਊਂਡੇਸ਼ਨ ਦੇ ਡਾਇਰੈਕਟਰ ਸਮਨਦੀਪ ਸਿੰਘ ਨੂੰ ਭੇਟ ਕੀਤਾ 12000 ਡਾਲਰ ਦਾ ਡਰਾਫਟ








**ਡਰਾਫਟ ਭੇਟ ਕਰਨ ਸਬੰਧੀ ਆਯੋਜਿਤ ਸਮਾਗਮ ਦੇ ਵੱਖ ਵੱਖ ਦ੍ਰਿਸ਼।**

**ਵੈਨਕੂਵਰ, ਅਕਤੂਬਰ( ਮਲਕੀਤ ਸਿੰਘ)**-ਸਮਾਜ ਸੇਵੀ ਕਾਰਜਾਂ ਲਈ ਯਤਨਸ਼ੀਲ ਚੜ੍ਹਦੀ ਕਲਾ ਬਰਦਰਹੁਡਜ ਐਸੋਸੀਏਸ਼ਨ ਵੱਲੋਂ ਆਪਣੇ ਅਜਿਹੇ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਪੰਜਾਬ ਦੇ ਹੜ ਪੀੜਤਾਂ ਦੀ ਆਰਥਿਕ ਮਦਦ ਕਰਨ ਦਾ ਸ਼ਲਾਘਾਯੋਗ ਫੈਸਲਾ ਕੀਤਾ ਗਿਆ।

ਇਸ ਸਬੰਧ ਵਿੱਚ ਪਿਛਲੇ ਕੁਝ ਦਿਨਾਂ ਤੋਂ ਪੰਜਾਬੀ ਭਾਈਚਾਰੇ ਦੇ ਸਾਂਝੇ ਉਦਮ ਸਦਕਾ ਉਕਤ ਐਸੋਸੀਏਸ਼ਨ ਵੱਲੋਂ ਇਕੱਤਰ ਕੀਤੀ ਗਈ 12 ਹਜਾਰ ਡਾਲਰ ਦੀ ਰਾਸ਼ੀ ਦਾ ਡਰਾਫਟ ਸਿੱਖੀ ਅਵੈਰਨੈਸ ਗਰੁੱਪ ਦੇ ਡਾਇਰੈਕਟਰ ਸਮਨਦੀਪ ਸਿੰਘ ਨੂੰ ਭੇਟ ਕੀਤਾ ਗਿਆਝ ਇਸ ਮੌਕੇ ਤੇ ਬੋਲਦਿਆ ਐਮਐਲਏ ਬਰਾਇਨ ਟੈਪਰ ਨੇ ਉਕਤ ਐਸੋਸੀਏਸ਼ਨ ਵੱਲੋਂ ਸਮੇਂ ਸਮੇਂ ਤੇ ਕਰਵਾਏ ਜਾਂਦੇ ਅਹੇ ਅਜਿਹੇ ਸਲਾਘਾਯੋਗ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀਝ ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਉੱਘੇ ਟੀਵੀ ਹੋਸਟ ਕੁਲਦੀਪ ਸਿੰਘ,ਹਰਪ੍ਰੀਤ ਸਿੰਘ ਮਾਨ ਟਕਲਾ, ਬਲਜੀਤ ਸਿੰਘ ਰਾਏ, ਲਖਬੀਰ ਗਰੇਵਾਲ ,ਹਰਦਮ ਮਾਨ ,ਮਨਜੀਤ ਸਿੰਘ ਚੀਮਾ,ਸੰਦੀਪ ਧੰਜੂ ,ਅਵਤਾਰ ਸਿੰਘ ਧਨੋਆ ,ਹਰਵਿੰਦਰ ਸਿੰਘ ,ਇੰਦਰਜੀਤ ਸਿੰਘ ਲੱਧੜ,ਦਮਨਦੀਪ ਸਿੰਘ ,ਨਿਰੰਜਨ ਸਿੰਘ ਲੇਹਿਲ, ਬੁੱਧੀ ਕਪੂਰ ,ਹਰਵਿੰਦਰ ਸਿੰਘ ਖਾਲਸਾ ਅਤੇ ਮਲਕੀਤ ਸਿੰਘ ਰੰਧਾਵਾ ਵੀ ਹਾਜ਼ਰ ਸਨ ਅਖੀਰ ਚ ਐਸੋਸੀਏਸਨ ਦੇ ਪ੍ਰਧਾਨ ਜਸਵਿਦਰ ਸਿੰਘ ਦਿਲਾਵਰੀ ਵੱਲੋ ਸਭ ਦਾ ਧੰਨਵਾਦ ਕੀਤਾ ਗਿਆ।

## ਰੋਸ

ਅੱਗ ਖੋਹ ਕੇ ਮੇਰੀ ਰੌਸ਼ਨ ਕੀਤੇ ਮਹਿਲ ਆਪਣੇ,
ਇਹ ਰੋਸ ਹੈ ਘਰ ਦੇ ਬੁਝੇ ਹੋਏ ਇੱਕ ਚੁੱਲੇ ਦਾ।
ਜਿਹਨੂੰ ਭੁੱਖ ਸੜਕਾਂ ਤੇ ਨਿੱਤ ਹੀ ਨਾਚ ਨਚਾਉਂਦੀ ਹੈ,
ਕੀ ਦੇਖਣਾ ਉਸਨੇ ਨਾਚ ਮੁਲਤਾਨ ਦੇ ਬੁੱਲੇ ਦਾ।

**Harish kumar**




## ਅੱਜਕਲ

ਅੱਜਕਲ ਉਹ ਨਹੀਂ ਹੈ ਸੰਤ ਲੋਕੋ,
ਜੋ ਨਾ ਸ਼ਾਤਰ ਹੋਵੇ ਨਾ ਚਲੰਤ ਲੋਕੋ।
ਸ਼ਰਧਾਂਲੂਆਂ ਨੂੰ ਦੇਵੇ ਸਿੱਖਿਆ ਨੈਤਿਕਤਾ ਦੀ,
ਪਰ ਖੁਦ ਦੇ ਮੱਥੇ ਤੇ ਲੱਗੇ ਹੋਣ ਕਲੰਕ ਲੋਕੋ,
ਖੁਦ ਬਣਕੇ ਰਹੂ ਸਲਤਨਤ ਦਾ ਬਾਦਸ਼ਾਹ,
ਤੁਹਾਨੂੰ ਰੱਖੂਗਾ ਸਦਾ ਹੀ ਰੰਕ ਲੋਕੋ,
ਗੱਲ ਵੱਖਰੀ ਹੈ ਕਿ ਸਾਰੇ ਇੱਕੋ ਜਿਹੇ ਨਹੀਂ,
ਪਰ ਜਿੰਨੇ ਮਾੜੇ ਹਨ ਉਹ ਨੇ ਬੇਅੰਤ ਲੋਕੋ,
ਚੱਲਦੇ ਮੁਕੱਦਮੇਂ ਇਹਨਾਂ ਤੇ ਉਹ ਚੱਲੀ ਜਾਣੇ ਨੇ,
ਉਦੋਂ ਤੱਕ ਤੁਹਾਡੇ ਜੀਵਨ ਦਾ ਹੋ ਜਾਣਾ ਅੰਤ ਲੋਕੋ,

**Harish kumar**
**9465023000**




Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**